# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 3 ਸਾਲ ਸੱਤਵਾਂ ਮਾਰਚ, 1995



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 3 ਸਾਲ ਸੱਤਵਾਂ ਮਾਰਚ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਯੁੱਗ ਪੁਰਸ਼ ਸਰਦਾਰ ਜੋਧ ਸਿੰਘ 1
—ਹਰਜਾਪ ਸਿੰਘ

2] ਸ਼ਬਦ ਅਰਥ 13
—ਗਿ: ਹਰਬੰਸ ਸਿੰਘ

3] ਰਾਗ ਤਿਲੰਗ
—ਪ੍ਰਿੰਸੀਪਲ ਦਿਆਲ ਸਿੰਘ

4] ਸੁਰ ਲਿਪੀ

5] ਰਾਗੀ ਜਥਾ ਭਾਈ ਧਰਮ ਸਿੰਘ ਜ਼ਖਮੀ 18
—ਡਾ: ਜਾਗੀਰ ਸਿੰਘ

6] ਤੁਹਾਡੇ ਪੱਤਰ 21

7] ਪੀਰਾਂ ਦਾ ਪੀਰ ਬਾਬਾ 24
—ਸਰਦਾਰਨੀ ਹਰਬੰਸ ਕੌਰ ਇੰਗਲੈਂਡ

ਡਾ. ਜਾਗੀਰ ਸਿੰਘ ਦਾ ਨਵਾਂ ਟੈਲੀਫੋਨ ਨੰਬਰ 772660 ਹੈ। ਨੋਟ ਕਰਨ ਦੀ ਕਿਰਪਾ ਕਰਨਾ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

# ਯੁੱਗ ਪੁਰਸ਼ ਸਰਦਾਰ ਜੋਧ ਸਿੰਘ

—ਹਰਜਾਪ ਸਿੰਘ
ਨਿਊਜਰਸੀ, ਅਮਰੀਕਾ

ਆਜ਼ਾਦੀ ਤੋਂ ਪਹਿਲਾਂ ਆਲ ਇੰਡੀਆ ਰੇਡੀਓ ਪ੍ਰਮੁੱਖ ਸਟੇਸ਼ਨ ਦਿੱਲੀ ਵਿਖੇ ਅਹਿਮਦ ਬੁਖਾਰੀ ਉਰਦੂ ਦੀਆਂ ਖ਼ਬਰਾਂ ਦੇ ਸੰਚਾਲਕ ਸਨ ਜੋ ਕੁਝ ਵੀ ਕਰਦੇ ਪੂਰੀ ਰੁਚੀ ਨਾਲ ਕਰਦੇ ਸਨ। ਉਰਦੂ ਦੀਆਂ ਖ਼ਬਰਾਂ ਪੜ੍ਹਨ ਵਾਲੇ ਸ਼ਕੀਲ ਅਹਿਮਦ ਅਜੇ ਨਵੇਂ ਨਵੇਂ ਨਿਯੁਕਤ ਹੀ ਹੋਏ ਸਨ। ਪਹਿਲੀਆਂ ਖ਼ਬਰਾਂ ਪੜ੍ਹਨ ਤੋਂ ਪਹਿਲਾਂ ਬੁਖ਼ਾਰੀ ਸਾਹਿਬ ਨੇ ਉਨ੍ਹਾਂ ਨੂੰ ਤਮਾਮ ਬੁਲੇਟਿਨ ਖੁਦ ਆਪਣੇ ਹੱਥੀਂ ਲਿਖਣ ਦੀ ਹਿਦਾਇਤ ਕੀਤੀ ਅਤੇ ਵਾਰ ਵਾਰ ਖ਼ਬਰਾਂ ਪੜ੍ਹ ਕੇ ਮਸ਼ਕ ਕਰਨ ਕਰਨ ਦਾ ਮਸ਼ਵਰਾ ਦਿੱਤਾ। ਹੁਕਮ ਅਨੁਸਾਰ ਸ਼ਕੀਲ ਅਹਿਮਦ ਵਾਰ ਵਾਰ ਖ਼ਬਰਾਂ ਪੜ੍ਹਨ ਦੀ ਰੀਹਰਸਲ ਕਰਦਾ ਰਿਹਾ। ਫੇਰ ਇਹ ਸਾਰੀਆਂ ਖ਼ਬਰਾਂ ਸ਼ਕੀਲ ਨੇ ਬੁਖ਼ਾਰੀ ਸਾਹਿਬ ਦੇ ਰੂਬਰੂ ਬੈਠਕੇ ਸੁਣਾਈਆਂ. ਖ਼ਬਰਾਂ ਪੜ੍ਹਨ ਤੋਂ ਬਾਅਦ ਬੁਖ਼ਾਰੀ ਸਾਹਿਬ ਨੇ ਸ਼ਕੀਲ ਨੂੰ ਉਸ ਦਵਾਰਾ ਕੀਤੀਆਂ ਗਲਤੀਆ ਦਾ ਅਹਿਸਾਸ ਕਰ-ਵਾਇਆ। ਗ਼ਲਤੀਆਂ ਠੀਕ ਕਰਕੇ ਸ਼ਕੀਲ ਨੇ ਇਕ ਵਾਰੀ ਫੇਰ ਖ਼ਬਰਾਂ ਪੜ੍ਹੀਆਂ। ਇਕ ਦੋ ਗ਼ਲਤੀਆਂ ਫ਼ੇਰ ਵੀ ਰਹਿ ਗਈਆਂ ਜੋ ਸ਼ਕੀਲ ਨੇ ਬਾਅਦ ਵਿਚ ਠੀਕ ਕੀਤੀਆਂ। ਪਰ ਜਦੋਂ ਉਹ ਰੇਡੀਓ ਤੇ ਖ਼ਬਰਾਂ ਪੜ੍ਹਨ ਵਾਸਤੇ ਮਾਈਕਰੋਫੋਨ ਦੇ ਅੱਗੇ ਗਏ ਤਾਂ ਘਬਰਾਹਟ ਦੇ ਬਾਵਜੂਦ ਉਨ੍ਹਾਂ ਨੇ ਕੋਈ ਗ਼ਲਤੀ ਨਹੀਂ ਕੀਤੀ। ਇਹ ਇਕ ਮਿਸਾਲ ਹੈ ਜੋ ਅਹਿਮਦ ਸ਼ਾਹ ਬੁਖ਼ਾਰੀ ਦੇ ਸੰਬੰਧ ਵਿਚ ਦਿੱਤੀ ਜਾ ਸਕਦੀ ਹੈ। ਅਹਿਮਦ ਸ਼ਾਹ ਬੁਖਾਰੀ ਇਕ ਸੱਚੇ ਅਤੇ ਈਮਾਨਦਾਰ ਪ੍ਰਸਾਰਨ ਅਧਿਕਾਰੀ ਸਨ ਜੋ ਮਿਆਰ ਦੇ ਪੱਖ ਤੋਂ ਕਿਸੇ ਦਾ ਵੀ ਲਿਹਾਜ਼ ਨਹੀਂ ਸਨ ਕਰਦੇ ਬਾਅਦ ਵਿਚ ਸ੍ਰੀ ਬੁਖ਼ਾਰੀ ਰੇਡੀਓ ਪਾਕਿਸਤਾਨ ਕਰਾਚੀ ਵਿਖੇ ਮੁੰਤਕਿਲ ਹੋ ਗਏ ਅਤੇ ਡਾਇਰੈਕਟਰ ਜਨਰਲ ਆਫ ਰੇਡੀਓ ਪਾਕਿਸਤਾਨ ਤਕ ਦੀ ਪਦਵੀ ਤੇ ਪੁੱਜ ਕੇ ਸੇਵਾ ਮੁਕਤ ਹੋਏ।

ਪੰਜਾਬੀ ਦੇ ਪਰਸਾਰਨ ਅਧਿਕਾਰੀਆਂ ਵਿਚ ਮੈਨੂੰ ਦੋ ਹੀ ਹਸਤੀਆਂ ਵਿਖਾਈ ਦਿਤੀਆ ਹਨ ਜੋ ਬੁਖਾਰੀ ਦੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ। ਇਕ ਹਨ ਆਕਾਸ਼ਬਾਣੀ ਦਿੱਲੀ ਤੋਂ ਪੰਜਾਬੀ ਪਰੋਗਰਾਮ ਦੇ ਸੰਚਾਲਕ ਸਰਦਾਰ ਦਵਿੰਦਰ ਸਿੰਘ ਜੋ ਰੀਟਾਇਰ ਹੋ ਚੁੱਕੇ ਹਨ ਅਤੇ ਦਿੱਲੀ ਵਿਚ ਗੁਮਨਾਮੀ ਵਿਚ ਰਹਿ ਰਹੇ ਹਨ। ਦੂਜੇ ਸਨ ਸਰਦਾਰ ਜੋਧ ਸਿੰਘ ਜੀ ਜੋ ਅਕਾਸ਼ਵਾਣੀ ਜਲੰਧਰ ਵਿਖੇ ਸਹਾਇਕ ਸਟੇਸ਼ਨ ਨਿਰਦੇਸ਼ਕ ਸਨ ਅਤੇ ਜੋ ਅੱਜ ਸਾਡੇ ਦਰਮਿਆਨ ਨਹੀਂ ਰਹੇ।

ਇਹ ਲੇਖ ਸਰਦਾਰ ਜੋਧ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ।

ਆਓ ਇਕ ਵਾਰੀ ਫੇਰ ਅਤੀਤ ਵਿਚ ਡੁਬਕੀ ਲਗਾਈਏ। ਮੈਂ ਅਜੇ ਚਾਰ ਪੰਜ ਸਾਲ

ਦਾ ਬਾਲਕ ਸਾਂ। ਅਸੀਂ ਕਪੂਰਥਲਾ ਵਿਚ ਰਹਿੰਦੇ ਸਾਂ। ਮੇਰੇ ਮਾਤਾ ਜੀ ਨੇ ਰਾਤ ਨੂੰ ਕੋਸੀਂ ਨਹਲਾਇਆ ਅਤੇ ਅੱਠ ਵਜੇ ਹੀ ਸੌਣ ਨੂੰ ਕਹਿ ਦਿਤਾ। ਕਹਿਣ ਨੂੰ ਲੱਗੇ "ਕਲ੍ਹ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਹੈ, ਸਵੇਰੇ ਨਵੇਂ ਕਪੜੇ ਪਹਿਨ ਕੇ ਗੁਰਦੁਵਾਰੇ ਵੀ ਜਾਣਾ ਹੈ ਪਰ ਪਹਿਲਾਂ ਰੇਡੀਓ ਤੋਂ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਵੀ ਸੁਣਾਨਾ ਹੈ।"

ਹੁਕਮ ਅਨੁਸਾਰ ਮੈਂ ਜਲਦੀ ਹੀ ਸੌਂ ਗਿਆ ਸਵੇਰੇ ਪੌਣੇ ਪੰਜ ਕੁ ਵਜੇ ਮਾਤਾਜੀ ਨੇ ਝੰਜੋੜ ਕੇ ਜਗਾ ਦਿਤਾ। ਮੈਂ ਅੱਖਾਂ ਮਲਦਾ ਰੇਡੀਓ ਦੇ ਅੱਗੇ ਜਾ ਬੈਠਾ। ਮੇਰੀ ਬਲਾ ਜਾਣੇ ਰੇਡੀਓ ਕਿੰਜ ਲਗਾਈਦਾ ਏ। ਮੈਂ ਰੇਡੀਓ ਦਾ ਔਨ ਵਾਲਾ ਬਟਨ ਦਬਾਇਆ। ਰੇਡੀਓ ਦੀਆ ਬੱਤੀਆਂ ਜਗ ਪਈਆਂ। ਇਕ ਮਿੰਟ ਦੇ ਬਾਅਦ ਰੇਡੀਓ ਗਰਮ ਹੋ ਗਿਆ ਅਤੇ ਕਿੜ ਕਿੜ ਕਰਨ ਲੱਗ ਪਿਆ। ਫੇਰ ਮਾਤਾ ਜੀ ਨੇ ਮੈਨੂੰ ਸੂਈ ਘੁਮਾਉਣੀ ਦੱਸੀ। ਮਾਤਾ ਜੀ ਨੂੰ ਪਤਾ ਸੀ ਕਿ ਤੜਕੇ ਹੋਰ ਕੋਈ ਸਟੇਸ਼ਨ ਮੀਡੀਅਮ ਵੇਵ ਤੇ ਸ਼ੁਰੂ ਨਹੀਂ ਹੁੰਦਾ। ਸੂਈ ਨੇ ਜਲੰਧਰ ਜਾ ਕੇ ਹੀ ਟਿਕਣਾ ਹੈ। ਰੇਡੀਓ ਦੇ ਡਾਇਲ ਦੇ ਇਕ ਖੂੰਜੇ ਵਿਚ ਆਕਾਸ਼ਵਾਣੀ ਦੀ ਸਿਗਨੇਚਰ ਟਿਊਨ ਸੁਣਾਈ ਦਿਤੀ। ਆਵਾਜ਼ ਥੋਹੜੀ ਜਿਹੀ ਕਮਜ਼ੋਰ ਸੀ। ਮਾਤਾ ਜੀ ਨੇ ਆਖਿਆ "ਇਹ ਅੰਮ੍ਰਿਤਸਰ ਹੋਣਾ ਏ, ਥੋਹੜੀ ਹੋਰ ਸੂਈ ਘੁਮਾ ਜਲੰਧਰ ਵੀ ਆ ਜਾਏਗਾ।" ਉਨ੍ਹਾਂ ਦਾ ਆਖਣਾ ਠੀਕ ਸੀ। ਧੁਨ ਉਹ ਹੀ ਸੀ ਪਰ ਆਵਾਜ ਕੁਝ ਤੇਜ ਤੇ ਸਪਸ਼ਟ ਸੀ। ਠੀਕ ਪੰਜ ਵਜੇ ਰੇਡੀਓ ਦੀ ਘੜੀ ਬੋਲੀ ਅਤੇ ਆਵਾਜ਼ ਆਈ "ਇਹ ਆਲ ਇੰਡੀਆ ਰੇਡੀਓ ਜਲੰਧਰ-ਅੰਮ੍ਰਿਤਸਰ ਮੀਡੀਅਮ ਵੇਵ 225.6 ਅਤੇ 230.8 ਮੀਟਰਾਂ ਤੇ, ਅੱਜ ਕੱਤਕ ਦੀ ਪੂਰਨਮਾਸ਼ੀ ਏ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ, ਅੱਜ ਅਸੀਂ ਇੱਕ ਵਿਸ਼ੇਸ਼ ਸਭਾ ਵਿਚ ਇਕ ਘੰਟੇ ਵਾਸਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸ਼ਬਦ ਕੀਰਤਨ ਦਾ ਸਿਧਾ ਪ੍ਰਸਾਰਨ ਕਰ ਰਹੇ ਹਾਂ। ਸਾਡੀ ਇਹ ਵਿਸ਼ੇਸ਼ ਸਭਾ ਸਵੇਰ ਦੇ 6 ਵਜੇ ਸਮਾਪਤ ਹੋ ਜਾਏਗੀ ਤੇ ਲਓ ਚੱਲੀਏ ਸ੍ਰੀ ਦਰਬਾਰ ਸਾਹਿਬ।" ਅਨਾਊਂਸਰ ਸ਼ਾਇਦ ਪੰਡਿਤ ਕੁੰਦਨ ਲਾਲ ਸ਼ਰਮਾ ਸਨ। ਏਨੇ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਇਲਾਹੀ ਬਾਣੀ ਦੀਆਂ ਸੁਰਾਂ ਕੰਨੀਂ ਪੈਣ ਲੱਗੀਆਂ। ਇਕ ਅਤੀ ਮਧੁਰ ਆਵਾਜ਼ ਨੇ ਬੜੇ ਕੋਮਲ ਸ਼ਬਦਾਂ ਵਿਚ ਸਰੋਤਿਆਂ ਨੂੰ ਜੀ ਆਇਆ ਆਖਿਆਂ ਬੋਲੀ "ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਵਸਾਈ ਇਸ ਗੁਰੂ ਕੀ ਨਗਰੀ ਵਿੱਚ ਅਕਾਲ ਬਾਣੀ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਅਸੀਂ ਬੋਲ ਰਹੇ ਹਾਂ। ਅੱਜ ਕੱਤਕ ਮਹੀਨੇ ਦੀ ਪੂਰਨਮਾਸ਼ੀ ਏ ਅਤੇ ਜਗਤ ਦੇ ਤਾਰਨਹਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਦਿਵਸ ਏ। ਖੁਸ਼ੀਆਂ ਤੇ ਖੇੜਿਆਂ ਭਰਪੂਰ ਇਸ ਸ਼ੁਭ ਅਵਸਰ ਤੇ ਅਸੀਂ ਆਪਣੇ ਸਮੂਹ ਸਰੋਤਿਆਂ ਨੂੰ ਗੁਰਪੁਰਬ ਦੀ ਲੱਖ ਲੱਖ ਵਧਾਈ ਦੇਂਦੇ ਹਾਂ। ਐਸ ਵੇਲੇ ਆਸਾ ਦੀ ਵਾਰ ਦਾ ਕੀਰਤਨ ਚੱਲ ਰਿਹਾ ਏ। ਰਾਗੀ ਸਿੰਘ ਆਸਾ ਦੀ ਵਾਰ ਦੇ ਅੰਤਲੇ ਸਲੋਕਾਂ ਦਾ ਕੀਰਤਨ ਕਰ ਰਹੇ ਹਨ ਤੇ ਲਓ ਸਰਵਣ ਕਰੋ ਆਸਾ ਦੀ ਵਾਰ।" ਏਨੇ ਨੂੰ ਰਾਗੀ ਸਿੰਘਾਂ ਦੀਆਂ ਆਵਾਜ਼ਾਂ ਬੁਲੰਦ ਹੋ ਗਈਆਂ ਅਤੇ ਉੱਚੀਆਂ ਸੁਰਾਂ ਵਿੱਚ ਸ਼ਬਦ ਕੀਰਤਨ ਸੁਣਾਈ ਦੇਣ ਲੱਗਾ ਰਾਗੀ ਸਿੰਘ ਪਤਾ ਨਹੀਂ

ਕੌਣ ਸਨ, ਭਾਈ ਸੰਤਾ ਸਿੰਘ ਜੀ ਸਨ ਜਾਂ ਭਾਈ ਚਾਂਦ ਜੀ, ਪਰ ਯਕੀਨਨ ਇਹ ਆਵਾਜ਼ਾਂ ਭਾਈ ਸਮੁੰਦ ਸਿੰਘ ਜੀ ਅਤੇ ਸਾਥੀਆਂ ਦੀਆਂ ਨਹੀਂ ਸਨ।

ਮੈਂ ਮਾਤਾ ਜੀ ਨੂੰ ਪੁਛਿਆ ਕਿ ਅਨਾਊਂਸਰ ਕੌਣ ਸਨ। ਮਾਤਾ ਜੀ ਨੂੰ ਭੀ ਪਤਾ ਨਹੀਂ ਸੀ। ਪਰ ਇਹ ਆਵਾਜ਼ ਮੇਰੇ ਕੰਨਾਂ ਵਿੱਚ ਵਸ ਗਈ। ਹਰ ਸਾਲ ਇਹੋ ਹੀ ਅਵਾਜ਼ ਗੁਰਪੁਰਬ ਦਾ ਸਿੱਧਾ ਪ੍ਰਸਾਰਨ ਸ੍ਰੀ ਅੰਮ੍ਰਿਤਸਰ ਤੋਂ ਕਰਦੀ ਰਹੀ। ਸਾਲ ਬੀਤਦੇ ਗਏ, ਪਰਸਾਰਨ ਹੁੰਦੇ ਰਹੇ, ਪਰ ਇਹ ਆਵਾਜ਼ ਇੱਕ ਪ੍ਰਸ਼ਨ ਚਿੰਨ੍ਹ ਬਣ ਗਈ।

1960 ਦ ਦਹਾਕੇ ਵਿੱਚ ਸਰਦਾਰ ਸੋਹਣ ਸਿੰਘ ਮੀਸ਼ਾ ਆਕਾਸ਼ਬਾਣੀ ਜਲੰਧਰ ਵਿੱਚ ਪੰਜਾਬੀ ਦੇ ਸਪੋਕਨ ਵਰਡ ਦੇ ਪ੍ਰੋਡਿਊਸਰ ਨਿਯੁਕਤ ਹੋਏ। ਉਨ੍ਹਾਂ ਦਾ ਆਬਾਈ ਪਿੰਡ ਮੇਰੇ ਜੱਦੀ ਪਿੰਡ ਦੇ ਨਜ਼ਦੀਕ ਹੀ ਏ। ਮੇਰੇ ਉਹ ਚੰਗੇ ਮਿੱਤਰ ਬਣ ਗਏ ਸਨ। ਉਨ੍ਹਾਂ ਪਹਿਲੀ ਵਾਰੀ ਦਸਿਆ ਕਿ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਗੁਰਪੁਰਬ ਦਾ ਸਿੱਧਾ ਪ੍ਰਸਾਰਨ ਪਹਿਲੇ ਦਿਨ ਤੋਂ ਹੀ ਸਰਦਾਰ ਜੋਧ ਸਿੰਘ ਜੀ ਕਰਦੇ ਆ ਰਹੇ ਹਨ।

ਬਅਦ ਵਿੱਚ ਇਹ ਭੀ ਪਤਾ ਲੱਗਾ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਪੁਰਬ ਦਾ ਸਿੱਧਾ ਪ੍ਰਸਾਰਨ ਅਰੰਭ ਭੀ ਸਰਦਾਰ ਜੋਧ ਸਿੰਘ ਜੀ ਦੇ ਯਤਨਾਂ ਨਾਲ਼ ਹੀ ਹੋਇਆ ਸੀ। ਇਸ ਤਰ੍ਹਾਂ ਜੀਵਨ ਦੀ ਇੱਕ ਵੱਡੀ ਪਹੇਲੀ ਬੁੱਝੀ ਗਈ। ਪਰ ਸਰਦਾਰ ਜੋਧ ਸਿੰਘ ਦੇ ਦਰਸ਼ਨਾਂ ਦੀ ਉਤਸੁਕਤਾ ਵਧ ਗਈ।

ਸਰਦਾਰ ਜੋਧ ਸਿੰਘ ਜੀ ਦੀ ਜੰਮ ਪਲ ਗੁਜਰਾਂਵਾਲਾ ਦੀ ਸੀ। ਲਾਹੌਰ ਦੇ ਆਲੇ ਦੁਆਲੇ ਸਟੈਂਡਰਡ ਪੰਜਾਬੀ ਬੋਲਦੇ ਜ਼ਿਲ੍ਹਿਆਂ ਵਿੱਚੋਂ ਗੁਜਰਾਂਵਾਲਾ ਇੱਕ ਹੈ। ਕਈ ਲੋਕ ਤਾਂ ਸਮਝਦੇ ਹਨ ਕਿ ਗੁਜਰਾਂਵਾਲਾ ਦੀ ਪੰਜਾਬੀ ਲਾਹੌਰ ਤੋਂ ਵੀ ਮਿੱਠੀ ਹੈ। ਜੇ ਸਰਦਾਰ ਜੋਧ ਸਿੰਘ ਜੀ ਦੀ ਬੋਲੀ ਇੱਕ ਸੂਚਕ ਹੈ ਤਾਂ ਸਹੀ ਅਰਥਾਂ ਵਿੱਚ ਗੁੱਜਰਾਂਵਾਲੇ ਦੀ ਪੰਜਾਬੀ ਸਭ ਤੋਂ ਵੱਧ ਮਿੱਠੀ ਹੈ।

ਪਾਕਿਸਤਾਨ ਵਾਲੇ ਪੰਜਾਬ ਵਿੱਚ ਸਰਦਾਰ ਜੋਧ ਸਿੰਘ ਜੀ ਵਿਦਿਅਕ ਵਿਵਸਾਏ ਨਾਲ ਸਬੰਧਤ ਸਨ। ਪਰ 1947 ਵਿਚ ਭਾਰਤੀ ਪੰਜਾਬ ਵਿਚ ਆਣ ਕੇ ਸਰਦਾਰ ਜੋਧ ਸਿੰਘ ਆਕਾਸ਼ਬਾਣੀ ਦੀ ਨੌਕਰੀ ਕਰਨ ਲੱਗੇ।

ਉਹ ਪੰਜਾਂ ਬਾਣੀਆਂ ਦਾ ਪਾਠ ਕਰਨ ਵਾਲੇ ਪੂਰੀ ਰਹਿਤ ਮਰਿਆਦਾ ਵਾਲੇ ਅੰਮ੍ਰਿਤਧਾਰੀ ਸਿੰਘ ਸਨ। ਦਾਹੜੀ ਭਾਵੇਂ ਕਾਲੀ ਸੀ ਤੇ ਭਾਵੇਂ ਚਿੱਟੀ ਉਨ੍ਹਾਂ ਨੇ ਖੁਲ੍ਹੀ ਹੀ ਛੱਡ ਰੱਖੀ ਸੀ। ਆਪਣੀ ਕਿਸਮ ਦੇ ਉਹ ਵਾਹਿਦ ਰੇਡੀਓ ਕਾਰਜ ਕਰਤਾ ਸਨ। ਜਿਸ ਤਰ੍ਹਾਂ ਆਪਨੇ ਬਚਪਨ ਵਿੱਚ ਵਿਦਿਆ ਪੂਰਾ ਮਨ ਲਗਾ ਕੇ ਪ੍ਰਾਪਤ ਕੀਤੀ ਉਸੇ ਹੀ ਤਰ੍ਹਾਂ ਮਨ ਲਗਾ ਕੇ ਜਵਾਨੀ ਅਤੇ ਅੱਧ ਖੜ੍ਹ ਉਮਰੇ ਉਨ੍ਹਾਂ ਨੇ ਰੇਡੀਓ ਜਗਤ ਦੀ ਸੇਵਾ ਕੀਤੀ। ਗੁਰਬਾਣੀ ਦਾ ਆਪ ਨੂੰ ਡੂੰਘਾ ਗਿਆਨ ਸੀ। ਰਾਗ ਦੀ ਸਮਝ ਆਪਨੂੰ ਰੇਡੀਓ ਦੇ ਮਾਧਿਅਮ ਤੋਂ ਪ੍ਰਾਪਤ ਹੋਈ। ਆਪ ਨੇ ਐਸ ਸਦੀ ਦੇ ਹਰ ਇੱਕ ਮਹਾਨ ਕੀਰਤਨੀਏ ਨੂੰ

ਕੰਨੀ ਸੁਣਿਆ ਸੀ। ਇਸ ਤਰ੍ਹਾਂ ਆਪਦਾ ਰਾਗ ਨਾਲ ਵੀ ਪੂਰਾ ਸਬੰਧ ਪੈਦਾ ਹੋ ਗਿਆ। ਆਪ ਬੜੇ ਟਿਕਾਓ ਵਿੱਚ ਗੁਰਬਾਣੀ ਦਾ ਕੀਰਤਨ ਸੁਣਿਆ ਕਰਦੇ ਸਨ । ਇਹ ਗਲ ਅੰਤ ਸਮੇਂ ਤੱਕ ਦੇ ਸੰਗ ਰਹੀ।

58 ਸਾਲ ਦੀ ਉਮਰ ਤੱਕ ਨੌਕਰੀ ਕਰਨ ਤੋਂ ਬਾਅਦ ਜਦੋਂ ਸਰਦਾਰ ਜੋਧ ਸਿੰਘ ਜੀ ਅਕਾਸ਼ਵਾਣੀ ਤੋਂ ਰੀਟਾਇਰ ਹੋਏ ਉਨ੍ਹਾਂ ਦੀ ਸਿਹਤ ਅਜੇ ਵੀ ਬੜੀ ਤਕੜੀ ਸੀ ਅਤੇ ਉਨ੍ਹਾਂ ਵਿਚ ਤਵਾਨਾਈ ਬੇਤਹਾਸ਼ਾ ਸੀ। ਰੇਡੀਓ ਉਪਰ ਉਹ ਫੇਰ ਵੀ ਕੋਈ ਨਾ ਕੋਈ ਸੇਵਾ ਕਰਦੇ ਰਹੇ। ਜਦੋਂ ਦੂਰਦਰਸ਼ਨ ਵਜੂਦ ਵਿਚ ਆਇਆ ਸਰਦਾਰ ਜੋਧ ਸਿੰਘ ਉਸ ਨਾਲ ਵੀ ਸੰਬੰਧਤ ਹੋ ਗਏ ਅਤੇ ਗੁਰਬਾਣੀ ਨਾਲ ਵਾਬਸਤਾ ਪਰੋਗਰਾਮ ਉਨ੍ਹਾਂ ਦੀ ਖ਼ਾਸੀਅਤ ਬਣ ਗਏ।

ਸਰਦਾਰ ਜੋਧ ਸਿੰਘ ਹੋਰਾਂ ਦੇ ਦੋ ਬੱਚੇ ਅਮਰੀਕਾ ਵਿਚ ਹਨ। ਸਪੁੱਤਰ ਸਰਦਾਰ ਹਰਜੀਤ ਸਿੰਘ ਨਿਊਜਰਸੀ ਰਾਜ ਦੇ ਵਾਸੀ ਹਨ ਅਤੇ ਸਪੁੱਤਰੀ ਡਾਕਟਰ ਸੁਰਜੀਤ ਕੌਰ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਦੇ ਬਾਹਰੀ ਆਂਚਲ ਵਿਚ ਵਰਜੀਨੀਆ ਰਾਜ ਦੇ ਇਕ ਉੱਪ ਨਗਰ ਵਿਚ ਰਹਿੰਦੇ ਹਨ। ਤਕਰੀਬਨ ਪੰਦਰਾਂ ਸਾਲ ਤੱਕ ਸਰਦਾਰ ਜੋਧ ਸਿੰਘ ਜੀ ਹਰ ਸਾਲ ਅਮਰੀਕਾ ਦੇ ਦੌਰੇ ਤੇ ਆਉਂਦੇ ਸਨ। ਉਨ੍ਹਾਂ ਦੇ ਸਪੁੱਤਰ ਸਰਦਾਰ ਹਰਜੀਤ ਸਿੰਘ ਇਸ ਲੇਖਕ ਦੇ ਪਰਮ ਮਿੱਤਰ ਹਨ। ਸਰਦਾਰ ਹਰਜੀਤ ਸਿੰਘ ਵਿਸ਼ਵ ਪ੍ਰਸਿੱਧ ਪਰਿੰਸਟਨ ਯੂਨੀਵਰਸਿਟੀ ਦੇ ਪੂਰਬ ਵਿਚ ਪਰਿੰਸਟਨ ਜੰਕਸ਼ਨ ਦੀ ਸੁੰਦਰ ਉਪ ਨਗਰੀ ਵਿਚ ਰਹਿੰਦੇ ਹਨ। ਇਸ ਲੇਖਕ ਦਾ ਕੁੱਲ੍ਹਾ ਭੀ ਪਰਿੰਸਟਨ ਜੰਕਸ਼ਨ ਦੀ ਸੁੰਦਰ ਉਪ ਨਗਰੀ ਵਿਚ ਸਥਿਤ ਹੈ। ਸਰਦਾਰ ਹਰਜੀਤ ਸਿੰਘ ਹੋਰਾਂ ਦਾ ਨਿਵਾਸ ਅਸਥਾਨ ਮੇਰੇ ਘਰ ਤੋਂ ਬਾ ਜ਼ਰੀਆ ਕਾਰ ਤਕਰੀਬਨ ਪੰਦਰਾਂ ਮਿੰਟਾਂ ਦੀ ਵਿਥ ਤੇ ਹੈ। ਅਮਰੀਕਾ ਵਿਚ ਹਫਤੇ ਦੇ ਪਹਿਲੇ ਪੰਜ ਦਿਨ ਹਰ ਕੋਈ ਸਵੇਰ ਤੋਂ ਸ਼ਾਮ ਤੱਕ ਕੰਮ ਕਰਦਾ ਹੈ। ਕੇਵਲ ਸਨਿੱਚਰ ਅਤੇ ਐਤਵਾਰ ਹੀ ਕਿਸੇ ਨੂੰ ਮਿਲਣਾ ਸੰਭਵ ਹੈ। ਸਰਦਾਰ ਜੋਧ ਸਿੰਘ ਜੀ ਨੂੰ ਇਸ ਗੱਲ ਦਾ ਪੂਰਾ ਇਲਮ ਸੀ। ਉਹ ਜਦੋਂ ਭੀ ਭਾਰਤ ਤੋਂ ਆਉਂਦੇ ਸਨ ਦੋ ਤਿੰਨ ਦਿਨ ਦੇ ਆਰਾਮ ਤੋਂ ਬਾਅਦ ਸਨਿੱਚਰਵਾਰ ਨੂੰ ਮੈਨੂੰ ਫੋਨ ਕਰਦੇ ਸਨ। ਮੇਰੇ ਨਾਲ ਉਨ੍ਹਾਂ ਦਾ ਪਿਤਾ ਪੁਤਰ ਵਾਂਗੂ ਪਿਆਰ ਬਣ ਗਿਆ ਸੀ। ਉਹ ਵਿਹਲੇ ਬਹਿਣਾ ਪਸੰਦ ਨਹੀਂ ਸਨ ਕਰਦੇ। ਅਮਰੀਕਾ ਆਉਂਦਿਆਂ ਹੀ ਉਹ ਕਿਸੇ ਨਾ ਕਿਸੇ ਕਾਰਜ ਵਿਚ ਮਸ਼ਰੂਫ ਹੋ ਜਾਂਦੇ ਸਨ। ਅਮਰੀਕਾ ਵਿਚ ਵਧੇਰੇ ਗੁਰਦੁਵਾਰੇ ਐਤਵਾਰ ਨੂੰ ਹੀ ਲਗਦੇ ਹਨ। ਸਰਦਾਰ ਜੋਧ ਸਿੰਘ ਜੀ ਗੁਰਦੁਵਾਰੇ ਜ਼ਰੂਰ ਜਾਂਦੇ ਸਨ। ਗੁਰਦੁਵਾਰੇ ਵਿਚ ਉਹ ਬੱਚਿਆਂ ਨੂੰ ਲੈਕਚਰ ਭੀ ਦੇਂਦੇ ਸਨ।

ਨਿਊਜਰਸੀ ਦਾ ਸਭ ਤੋਂ ਵੱਡਾ ਗੁਰਦੁਵਾਰਾ ਬ੍ਰਿੱਜਵਾਟਰ ਟਾਊਨਸ਼ਿੱਪ, ਸਮਰਸੈਟ ਕਾਊਂਟੀ ਵਿਚ ਸਥਿਤ ਹੈ। ਸਰਦਾਰ ਹਰਜੀਤ ਸਿੰਘ ਜੀ ਵਧੇਰੇ ਕਰਕੇ ਨਿਊਜਰਸੀ ਤੋਂ ਬਾਹਰ ਹੀ ਨੌਕਰੀ ਕਰਦੇ ਸਨ। ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਅਮੂਮਨ ਮੈਂ ਹੀ ਉਨ੍ਹਾਂ

ਨੂੰ ਗੁਰਦੁਵਾਰੇ ਲਿਜਾਂਦਾ ਸਾਂ ਉਨ੍ਹਾਂ ਨੂੰ ਪਰਿੰਸਟਨ ਯੂਨੀਵਰਸਿਟੀ ਦਾ ਇਤਿਹਾਸਕ ਕੈਂਪਸ ਬੜਾ ਪਸੰਦ ਸੀ। ਹਰ ਵਾਰੀ ਗੁਰਦੁਵਾਰੇ ਜਾਂਦੇ ਹੋਏ ਅਸੀਂ ਪਰਿੰਸਟਨ ਯੂਨੀਵਰਸਿਟੀ ਦੇ ਵਿਚ ਦੀ ਹੋ ਕੇ ਜਾਂਦੇ ਸਾਂ। ਇਕ ਵਾਰੀ ਉਹ ਪਰਿੰਸਟਨ ਯੂਨੀਵਰਸਿਟੀ ਦੀ ਲਾਇਬਰੇਰੀ ਅਤੇ ਬੁਕ ਸ਼ਾਪ ਮੇਰੇ ਨਾਲ ਗਏ। ਇਥੋਂ ਦਾ ਪ੍ਰਬੰਧ ਵੇਖਕੇ ਉਹ ਬੜੇ ਪ੍ਰਸੰਨ ਹੋਏ। ਪਰਿੰਸਟਨ ਯੂਨੀਵਰਸਿਟੀ ਦੇ ਰੇਡੀਓ ਸਟੇਸ਼ਨ ਦਾ ਭਾਰਤੀ ਪ੍ਰੋਗਰਾਮ ਵੀ ਮੈਂ ਉਨ੍ਹਾਂ ਨੂੰ ਕਾਰ ਰੇਡੀਓ ਰਾਹੀਂ ਸੁਣਾਇਆ। ਉਚ ਕੋਟੀ ਦਾ ਕਲਾਸੀਕਲ ਗਾਇਨ ਸੁਣਕੇ ਉਹ ਬੜੇ ਪ੍ਰਸੰਨ ਹੋਏ।

ਮੈਂ ਕਈ ਵਾਰੀ ਗੁਰਦਵਾਰਾ ਬ੍ਰਿੱਜਵਾਟਰ ਦੀ ਬਤੌਰ ਸਕੱਤਰ ਸੇਵਾ ਕਰ ਚੁੱਕਿਆ ਹਾਂ। ਇਸ ਸੇਵਾ ਦੌਰਾਨ ਅਨੇਕਾਂ ਨਾਮੀ ਕਰਾਮੀ ਰਾਗੀ ਜਥਿਆਂ ਦੀ ਸੇਵਾ ਕੀਤੀ। ਉਨ੍ਹਾਂ ਕੋਲੋਂ ਉਨ੍ਹਾਂ ਦਾ ਪਸੰਦੀਦਾ ਸ਼ਬਦ ਕੀਰਤਨ ਸੁਣਿਆ। ਆਮ ਚੰਗੇ ਰਾਗੀ ਜਥੇ ਪੁਰਾਤਨ ਸ਼ਾਸਤਰੀਆਂ ਸੰਗੀਤ ਦੇ ਵਿਆਕਰਣ ਦੇ ਪਾਬੰਦ ਰਹਿ ਕੇ ਸ਼ਬਦ ਗਾਇਨ ਕਰਨ ਨੂੰ ਤਰਜੀਹ ਦੇਂਦੇ ਹਨ। ਭਾਵੇਂ ਅੱਜ ਕਲ੍ਹ ਦੀਆਂ ਜ਼ਿਆਦਾ ਸੰਗਤਾਂ ਬਲਕੁਲ ਸਿੱਧੀਆਂ ਫਿਲਮੀ ਜਾਂ ਸੁਗਮ ਸੰਗੀਤ ਦੀਆਂ ਤਰਜ਼ਾਂ ਉਪਰ ਕੀਰਤਨ ਸੁਣਨਾ ਪਸੰਦ ਕਰਦੀਆਂ ਹਨ। ਅਮਰੀਕਾ ਵਿਚ ਇਥੇ ਅਸੀਂ ਸੰਗਤਾਂ ਨੂੰ ਵਿੱਦਿਆ ਅਨੁਸਾਰ ਕੀਰਤਨ ਸੁਣਨ ਦਾ ਸ਼ੌਕ ਪਾ ਦਿਤਾ ਹੈ। ਚੁਨਾਂਚਿ ਅਸਾਂ ਇਥੇਂ ਸਿੱਖ ਜਗਤ ਦੇ ਤਿੰਨ ਉਚ ਕੋਟੀ ਦੇ ਰਾਗੀ ਜਥਿਆਂ ਦਾ ਸ਼ਬਦ ਕੀਰਤਨ ਟੇਪ ਬੰਦ ਕਰ ਲਿਆ ਹੈ ਜੋ ਐਸ ਵਕਤ ਇਸ ਸੰਸਾਰ ਵਿਚ ਨਹੀਂ ਹਨ। ਇਹ ਜਥੇ ਹਨ ਸਵਰਗਵਾਸੀ ਭਾਈ ਦਿਦਾਰ ਸਿੰਘ ਜੀ ਪਿੰਡ ਨੰਗਲ ਖੁਰਦ ਜਿਲ੍ਹਾ, ਹੁਸ਼ਿਆਰਪੁਰ, ਸਵਰਗਵਾਸੀ ਭਾਈ ਸਮਸ਼ੇਰ ਸਿੰਘ ਜੀ (ਛੋਟੇ ਭਾਈ ਭਾਈ ਧਰਮ ਸਿੰਘ ਜੀ ਜ਼ਖਮੀ ਦੇ) ਅਤੇ ਨਨਕਾਣਾ ਸਾਹਿਬ ਵਾਲੇ ਸਵਰਗਵਾਸੀ ਭਾਈ ਜਗਤਾਰ ਸਿੰਘ ਜੀ (ਸਪੁੱਤਰ ਸਵਰਗਵਾਸੀ ਭਾਈ ਸੁਰਮੁਖ ਸਿੰਘ ਜੀ ਫ਼ੱਕਰ)। ਇਨ੍ਹਾਂ ਦੀਆਂ ਕਾਫੀ ਨਾਯਾਬ ਰੀਤਾਂ ਅਸਾਂ ਰਿਕਾਰਡ ਕਰਕੇ ਮਹਿਫੂਜ ਕਰ ਲਈਆਂ ਹਨ। ਇਨ੍ਹਾਂ ਵਿਚੋਂ ਵਧੇਰੇ ਰੀਤਾਂ ਮੈਂ ਸਰਦਾਰ ਜੋਧ ਸਿੰਘ ਜੀ ਨੂੰ ਆਪਣੇ ਘਰ ਬੁਲਾ ਕੇ ਸੁਣਾਈਆਂ ਹਨ। ਸਰਦਾਰ ਜੋਧ ਸਿੰਘ ਹੋਰਾਂ ਦੀ ਆਪਣੇ ਕਥਨ ਅਨੁਸਾਰ ਇਹ ਰੀਤਾਂ ਅਕਾਸ਼ਵਾਣੀ ਕੋਲ ਵੀ ਨਹੀਂ ਹਨ। ਇਹ ਨਾਯਾਬ ਖ਼ਜਾਨਾ ਹੈ ਜੋ ਬਾਜ਼ਾਰਾਂ ਵਿਚ ਨਹੀਂ ਮਿਲਦਾ।

ਅਸਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਹੋਰਾਂ ਕੋਲ ਮਹਿਫੂਜ਼ ੨੦੦ ਤੋਂ ਵੱਧ ਪੁਰਾਤਨ ਸ਼ਬਦ ਰੀਤਾਂ ਵਿਚੋਂ ਵੀ ਕੁਝ ਇਕ ਰਿਕਾਰਡ ਕੀਤੀਆਂ ਹਨ ਜੋ ਅਤਿ ਆਧੁਨਿਕ ਅਮਰੀਕਨ ਮਾਈਕਰੋਫੋਨਸ ਰਾਹੀਂ ਸਟੀਰੀਓ ਸਿਸਟਮ ਤੇ ਰਿਕਾਰਡ ਕੀਤੀਆਂ ਗਈਆਂ ਹਨ। ਇਹ ਰੀਤਾਂ ਭੀ ਸਰਦਾਰ ਜੋਧ ਸਿੰਘ ਹੋਰਾਂ ਨੇ ਮੇਰੇ ਕੋਲ ਬੈਠਕੇ ਸੁਣੀਆਂ ਹਨ। ਸਰਦਾਰ ਜੋਧ ਸਿੰਘ ਜੀ ਦ ਹੀ ਅਨੁਰੋਧ ਤੇ ਇਨ੍ਹਾਂ ਟੇਪਸ ਦਾ ਇਕ ਸੈੱਟ ਅਕਾਸ਼ਵਾਣੀ ਜਲੰਧਰ ਵਾਸਤੇ ਉਨ੍ਹਾਂ ਨੂੰ ਦਿੱਤਾ ਸੀ। ਇਹ ਸ਼ਬਦ ਕੀਰਤਨ ਅੱਜ ਕਲ੍ਹ ਵੀ ਗੁਰਬਾਣੀ ਵਿਚਾਰ ਪ੍ਰੋਗਰਾਮ ਵਿਚ ਸੁਣਨ ਨੂੰ ਮਿਲਦਾ ਹੈ।

ਕੁਝ ਸ਼ਬਦ ਕੀਰਤਨ ਜੋ ਅਸਾਂ ਅਮਰੀਕਾ ਵਿਚ ਰਿਕਾਰਡ ਕੀਤਾ ਸੀ ਉਸਦੀ ਅਨਾਊਸਮੈਂਟ ਬਾਅਦ ਵਿਚ ਸਰਦਾਰ ਜੋਧ ਸਿੰਘ ਹੋਰਾਂ ਕੋਲੋਂ ਕਰਵਾਈ ਸੀ। ਫੇਰ ਇਸ ਅਨਾਊਸਮੈਂਟ ਨੂੰ ਉਚੇਚੇ ਤੌਰ ਤੇ ਟੇਪਸ ਤੇ ਡੱਬ ਕਰਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਜਿਸ ਤਰ੍ਹਾਂ ਰੇਡੀਓ ਤੋਂ ਸ਼ਬਦ ਕੀਰਤਨ ਪ੍ਰਸਤੁੱਤ ਕੀਤਾ ਜਾਂਦਾ ਹੈ। ਦਸਾਂ ਟੇਪਸ ਦਾ ਇਹ ਸੈਟ ਨਿਊਜਰਸੀ ਵਿਚ ਬੜਾ ਮਕਬੂਲ ਹੋਇਆ ਹੈ। ਇਸ ਤਰ੍ਹਾਂ ਸਰਦਾਰ ਜੋਧ ਸਿੰਘ ਹੋਰਾਂ ਦੀ ਮਧੁਰ ਆਵਾਜ਼ ਨੂੰ ਅਸਾਂ ਸਦੀਵੀ ਤੌਰ ਤੇ ਸੰਭਾਲ ਲਿਆ ਹੈ। ਅਜਿਹੇ ਕਾਰਜਾਂ ਵਾਸਤੇ ਸਰਦਾਰ ਜੋਧ ਸਿੰਘ ਜੀ ਸਦਾ ਤਤਪਰ ਰਹਿੰਦੇ ਸਨ। ਅਜੇ ਉਨ੍ਹ ਨੇ ਅਨੇਕਾਂ ਅਜਿਹੇ ਮਨਸੂਬਿਆਂ ਤੇ ਕੰਮ ਕਰਨਾ ਸੀ ਕਿ ਉਹ ਅਚਾਨਕ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ।

ਅਮਰੀਕਾ ਵਿਚ ਵੀਹ ਵੀਹ ਸਾਲ ਤੋਂ ਵਸਦੇ ਸਿੱਖਾਂ ਕੋਲ ਲੋੜ ਅਨੁਸਾਰ ਸਰਮਾਇਆ ਤਾਂ ਹੈ ਪਰ ਉਨ੍ਹਾਂ ਕੋਲ ਸਮਾਂ ਨਹੀਂ ਹੈ। ਬਹੁਤੇ ਸਾਰੇ ਗੁਰਸਿੱਖ ਅਮਰੀਕਨ ਸਿੱਖ ਸਿੱਖ ਧਰਮ, ਸਿੱਖ ਇਤਿਹਾਸ ਅਤੇ ਗੁਰਬਾਣੀ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੇ ਇਛੁੱਕ ਹਨ। ਪਰ ਉਨ੍ਹਾਂ ਕੋਲ ਐਨਾਂ ਸਮਾਂ ਨਹੀਂ ਕਿ ਉਹ ਭਾਰਤ ਜਾ ਕੇ ਵੱਖ ਵੱਖ ਸ਼ਹਿਰਾਂ ਵਿਚ ਵੱਖ ਵੱਖ ਦੁਕਾਨਾਂ ਤੋਂ ਸਿੱਖੀ ਅਤੇ ਪੰਜਾਬੀ ਨਾਲ ਸੰਬੰਧਤ ਆਪਣੀ ਲੋੜ ਦੀਆਂ ਕਿਤਾਬਾਂ ਖਰੀਦ ਸਕਣ। ਉਨ੍ਹਾਂ ਦੀ ਇਹ ਘਾਟ ਬੜੀ ਹੱਦ ਤੱਕ ਸਰਦਾਰ ਜੋਧ ਜੀ ਨੇ ਪੂਰੀ ਕੀਤੀ।

ਸਰਦਾਰ ਜੋਧ ਸਿੰਘ ਜੀ ਨੇ ਬੜੀ ਮਿਹਨਤ ਦੇ ਸਦਕੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਸਿੱਖ ਧਰਮ, ਸਿੱਖ ਫਲਸਫਾ, ਸਿੱਖ ਮੁਆਸ਼ਰਾ ਅਤੇ ਪੰਜਾਬੀ ਭਾਸ਼ਾ ਨਾਲ ਸੰਬੰਧਤ ਚੋਣਵੇ ਸਾਹਿਤ ਦੀ ਸੂਚੀ ਬਣਾਈ। ਇਸ ਸੂਚੀ ਵਿਚ ਅਜਿਹੀਆਂ ਤਕਰੀਬਨ ਸਾਰੀਆਂ ਸੀ ਕਿਤਾਬਾਂ ਹਨ ਜਿਨ੍ਹਾਂ ਦੀ ਕਿਸੇ ਵੀ ਸਿੱਖ ਜਾਂ ਪੰਜਾਬੀ ਲੋੜ ਨੂੰ ਪੈ ਸਕਦੀ ਹੈ। ਭਾਰਤ ਵਿਚ ਛਪਦੀਆਂ ਕਿਤਾਬਾਂ ਦਾ ਕਾਗਜ ਵੀ ਬਹੁਤਾ ਮਿਆਰੀ ਨਹੀਂ ਹੁੰਦਾ ਅਤੇ ਜਿਲਦ ਤਾਂ ਬੜੀ ਹੀ ਨਾਕਾਸ ਹੁੰਦੀ ਹੈ ਸਰਦਾਰ ਜੋਧ ਸਿੰਘ ਹੋਰਾਂ ਨੇ ਇਸ ਗੱਲ ਨੂੰ ਯਕੀਨੀ ਬਣਾਇਆ ਕਿ ਇਹ ਪੁਸਤਕਾਂ ਅਮਰੀਕਾ ਦੇ ਡਰਾਇੰਗ ਰੂਮਜ਼ ਦਾ ਸ਼ਿੰਗਾਰ ਭੀ ਬਣ ਸਕਣ ਅਤੇ ਪਾਠਕਾਂ ਦੀ ਰਹਿਨੁਮਈ ਵੀ ਕਰ ਸਕਣ।

ਸਰਦਾਰ ਜੋਧ ਸਿੰਘ ਜੀ ਨੇ ਪੰਜਾਹ ਡਾਲਰ ਤੋਂ ਲੈ ਕੇ ਦੋ ਹਜ਼ਾਰ ਡਾਲਰ ਤੱਕ ਕੀਮਤਾਂ ਦੇ ਵੱਖ ਵੱਖ ਕਿਤਾਬਾਂ ਦੇ ਪੈਕੇਜ ਬਣਾਏ। ਜਿਸ ਕਿਸਮ ਦੇ ਪੈਕੇਜ ਦੀ ਅਮਰੀਕਾ ਵਿਚ ਲੋਕਾਂ ਨੂੰ ਲੋੜ ਹੋਵੇ ਅਤੇ ਜਿਸ ਹੱਦ ਤੱਕ ਕੋਈ ਮਾਇਆ ਖ਼ਰਚ ਕਰਨ ਦਾ ਇਛੁੱਕ ਹੋਵੇ ਉਸਦੇ ਹੀ ਮੁਤਾਬਿਕ ਉਸਨੂੰ ਉਹ ਕਿਤਾਬਾਂ ਫਰਾਹਮ ਕਰ ਸਕਦੇ ਹਨ।

ਕਈ ਗੁਰਦਵਾਰਿਆਂ ਨੇ ਆਪਣੀਆਂ ਲਾਇਬਰੇਰੀਆਂ ਬਣਾਈਆਂ। ਕਈ ਲੋਕਾਂ ਨੇ ਆਪਣੇ ਬੱਚਿਆਂ ਦੀ ਵਿਦਿਆ ਵਾਸਤੇ ਕਿਤਾਬਾਂ ਮੰਗਵਾਈਆਂ। ਇਸ ਤਰ੍ਹਾਂ ਤਿੰਨ ਧਿਰਾਂ ਨੂੰ ਲਾਭ ਹੋਇਆ, ਅਮਰੀਕਨਾਂ ਨੂੰ ਉਹਨਾਂ ਦੀ ਲੋੜ ਦੀਆਂ ਕਿਤਾਬਾਂ ਮੁਹਈਆਂ ਹੋ ਗਈਆਂ, ਪਬਲਿਸ਼ਰਜ ਨੂੰ ਕਿਤਾਬਾਂ ਛਾਪਣ ਅਤੇ ਵੇਚਣ ਦਾ ਮੌਕਾ ਮਿਲ ਗਿਆ ਅਤੇ ਲੇਖਕਾਂ ਜੋ ਜੀਉਂਦੇ ਹਨ ਦੀ ਭੀ ਮਾਲੀ ਸਹਾਇਤਾ ਅਤੇ ਹੌਂਸਲਾ ਅਫਜਾਈ ਹੋਈ।

ਸਰਦਾਰ ਜੋਧ ਸਿੰਘ ਜੀ ਦੁਆਰਾ ਤਿਆਰ ਕੀਤੇ ਕਿਤਾਬਾਂ ਦੇ ਪੈਕੇਜ ਦੀਆਂ ਮਜ਼ੀਦ ਕਾਪੀਆਂ ਅਸਾਂ ਇਥੇ ਅਮਰੀਕਾ ਵਿੱਚ ਤਿਆਰ ਕਰ ਲਈਆਂ ਇਸੇ ਤਰ੍ਹਾਂ ਜਿੱਥੇ ਜਿੱਥੇ ਭੀ ਸਰਦਾਰ ਜੋਧ ਸਿੰਘ ਜੀ ਜਾਂਦੇ ਸਨ, ਉਥੇ ਉਹ ਲੋਕਾਂ ਨੂੰ ਇਹ ਲਿਸਟਾਂ ਦੇ ਸਕਦੇ ਸਨ। ਪਿਛਲੇ ਵਰ੍ਹੇ, (1993) ਵਿੱਚ ਜਦੋਂ ਸਰਦਾਰ ਜੋਧ ਸਿੰਘ ਜੀ ਅਮਰੀਕਾ ਆਏ ਤਾਂ ਉਨ੍ਹਾਂ ਨੇ ਮੁਖ ਤੌਰ ਤੇ ਇਨ੍ਹਾਂ ਕਿਤਾਬਾਂ ਦੇ ਪੈਕੇਜਜ਼ ਦੀ ਵਿਕਰੀ ਵਾਸਤੇ ਹੀ ਯਤਨ ਕੀਤੇ। ਇਸ ਕਾਰਜ ਵਿੱਚ ਉਨ੍ਹਾਂ ਦੇ ਸਪੁੱਤਰ ਸਰਦਾਰ ਹਰਜੀਤ ਸਿੰਘ ਅਤੇ ਸਪੁਤਰੀ ਡਾਕਟਰ ਸੁਰਜੀਤ ਕੌਰ ਨੇ ਭੀ ਬੜੀ ਮਿਹਨਤ ਕੀਤੀ। ਕਿਤਾਬਾਂ ਦੀ ਇੱਕ ਖੇਪ ਉਨ੍ਹਾਂ ਦਿਨਾਂ ਵਿੱਚ ਹੀ ਅਮਰੀਕਾ ਅਪੜੀ ਜਦੋਂ ਉਹ ਜਲੰਧਰ ਵਿਖੇ ਆਪਣੇ ਜੀਵਨ ਕਾਲ ਦੇ ਅੰਤਮ ਸਵਾਸ ਲੈ ਰਹੇ ਸਨ। ਅਜਿਹੇ ਇਨਸਾਨ ਮਰਦੇ ਨਹੀਂ। ਉਹ ਅਮਰ ਰਹਿੰਦੇ ਹਨ।

ਅਮਰੀਕਨ ਸਰਕਾਰ ਦਾ ਰੇਡੀਓ ਅਦਾਰਾ ਵੌਇਸ ਆਫ ਅਮੇਰਿਕਾ ਕੇਵਲ ਵਿਦੇਸ਼ਾਂ ਵਿੱਚ ਸੁਣਿਆ ਜਾ ਸਕਣ ਵਾਲਾ ਮਾਧਿਅਮ ਹੈ। ਅਮਰੀਕਾ ਵਿੱਚ ਇਸਦੀ ਨਸ਼ਰੀਅਤ ਤੇ ਅਮਰੀਕਨ ਸੰਸਦ ਵਲੋਂ ਪਾਬੰਦੀ ਹੈ। ਹਿੰਦੀ ਸਮੇਤ ਇਹ ਵਿਸ਼ਵ ਭਰ ਦੀਆਂ 48 ਜ਼ਬਾਨਾਂ ਵਿੱਚ ਪਰਸਾਰਨ ਕਰਦਾ ਹੈ। ਵੈਸੇ ਤਾਂ ਉਰਦੂ ਦੇ ਪ੍ਰਸਾਰਨ 1951 ਤੋਂ ਸ਼ੁਰੂ ਹਨ ਅਤੇ ਹਿੰਦੀ ਦੇ 1954 ਤੋਂ ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦਾ ਪ੍ਰੋਗਰਾਮ ਇਸ ਸਟੇਸ਼ਨ ਤੋਂ 1990 ਤੋਂ ਹੀ ਅਰੰਭ ਹੋਇਆ ਹੈ। ਇਹ ਪ੍ਰੋਗਰਾਮ ਵਿਜੇ ਲਕਸ਼ਮੀ ਪੇਸ਼ ਕਰਦੀ ਏ ਜੋ ਇਸ ਤੋਂ ਪਹਿਲਾਂ ਯਾਨੀ 1985 ਤਾਂਈ ਸ੍ਰੀ ਲੰਕਾ ਬਰੋਡ-ਕਾਸਟਿੰਗ ਕਾਰਪੋਰੇਸ਼ਨ ਵਿੱਚ ਹਿੰਦੀ ਪਰੋਗਰਾਮਾਂ ਦੀ ਸੰਚਾਲਕ ਸੀ। ਪਰੋਗਰਾਮ ਦੀ ਰੂਪ ਰੇਖਾ ਇਸ ਤਰ੍ਹਾਂ ਦੀ ਹੈ ਕਿ ਇਸ ਵਿੱਚ ਸ਼ਬਦ ਕੀਰਤਨ ਤੋਂ ਇਲਾਵਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫੇ ਸਬੰਧੀ ਕਿਸੇ ਨਾਂ ਕਿਸੇ ਸਿੱਖ ਵਿਦਵਾਨ ਦੇ ਵਿਚਾਰ ਭੀ ਪੇਸ਼ ਕੀਤੇ ਜਾਂਦੇ ਹਨ। ਇਹ ਵਿਚਾਰ ਇੱਕ ਵਾਰੀ ਫਿਲਮ "ਨਾਨਕ ਨਾਮ ਜਹਾਜ਼ ਹੈ" ਦੇ ਸੰਗੀਤ ਨਿਰਦੇਸ਼ਕ ਐਸ. ਮਹਿੰਦਰ ਜੀ ਦੇ ਪੇਸ਼ ਕੀਤੇ ਗਏ। ਦੂਜੀ ਵਾਰੀ ਸਰਦਾਰ ਜੋਧ ਸਿੰਘ ਜੀ ਦੇ ਅਤੇ ਤੀਜੀ ਵਾਰੀ ਡਾਕਟਰ ਮਹੀਪ ਸਿੰਘ ਜੀ ਦੇ।

1991 ਵਿੱਚ ਸਰਦਾਰ ਜੋਧ ਸਿੰਘ ਗੁਰਪੁਰਬ ਤੋਂ ਪਹਿਲਾਂ ਅਮਰੀਕਾ ਆਏ ਹੋਏ ਸਨ। ਇਹ ਪ੍ਰੋਗਰਾਮ ਵਿਜੇ ਲਕਸ਼ਮੀ ਨੇ ਅਕਤੂਬਰ ਦੇ ਮਹੀਨੇ ਵਿੱਚ ਤਿਆਰ ਕਰ ਲਿਆ ਸੀ ਅਤੇ ਸਰਦਾਰ ਜੋਧ ਸਿੰਘ ਜੀ ਵਿਚਾਰ ਗੁਰਪੁਰਬ ਤੋਂ ਇਕ ਮਹੀਨਾ ਪਹਿਲਾਂ ਹੀ ਰਿਕਾਰਡ ਕਰ ਲਏ ਸਨ। ਉਨ੍ਹਾਂ ਦਿਨਾਂ ਵਿੱਚ ਸਰਦਾਰ ਜੋਧ ਸਿੰਘ ਅਮਰੀਕਾ ਦੀ ਰਾਜਧਾਨੀ ਦੇ ਨਜ਼ਦੀਕ ਆਪਣੀ ਸਪੁਤਰੀ ਡਾਕਟਰ ਸੁਰਜੀਤ ਕੌਰ ਕੋਲ ਠਹਿਰੇ ਹੋਏ ਸਨ। ਵਿਜੇ ਲਕਸ਼ਮੀ ਨੇ ਉਹਨਾਂ ਨੂੰ ਰੇਡੀਓ ਸਟੇਸ਼ਨ ਤੇ ਬੁਲਾਉਣ ਦੀ ਬਜਾਏ ਉਨ੍ਹਾਂ ਦੀ ਕਿਆਮਗਾਹ ਤੇ ਜਾ ਕੇ ਉਨ੍ਹਾਂ ਦੇ ਵਿਚਾਰ ਰਿਕਾਰਡ ਕੀਤੇ। ਸਰਦਾਰ ਜੋਧ ਸਿੰਘ ਹੋਰਾਂ ਨੇ ਬੜੇ ਤਹਮੱਲ ਨਾਲ ਗੁਰੂ ਨਾਨਕ ਦੇਵ ਜੀ ਦਾ ਫਲਸਫਾ ਬਿਆਨ ਕੀਤਾ। ਇਹ

ਰਿਕਾਰਡਿੰਗ ਅਜੇ ਤਾਈਂ ਵੌਇਸ ਆਫ ਅਮੈਰਿਕਾ ਦੇ ਕੋਲ ਮੌਜੂਦ ਹੈ। ਆਕਾਸ਼ਬਾਣੀ ਵਾਲੇ ਭਾਵੇਂ ਸਰਦਾਰ ਜੋਧ ਸਿੰਘ ਜੀ ਦੀ ਆਵਾਜ਼ ਨੂੰ ਨਾਂ ਸਾਂਭ ਸਕਣ ਪਰ ਵੌਇਸ ਆਫ ਅਮੈਰਿਕਾ ਦੀ ਇਹ ਨੀਤੀ ਹੈ ਕਿ ਜਿਸ ਟੇਪ ਉਪਰ ਇੱਕ ਪ੍ਰੋਗਰਾਮ ਰਿਕਾਰਡ ਹੋ ਗਿਆ ਉਸ ਉੱਪਰ ਹੋਰ ਕੋਈ ਪ੍ਰੋਗਰਾਮ ਰਿਕਾਰਡ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਜੇ ਪ੍ਰੋਗਰਾਮ ਦਾ ਪ੍ਰਸੁਤੁੱਤ ਕਰਨਾ ਚਾਹੇ ਤਾਂ ਸਦਾ ਵਾਸਤੇ ਪ੍ਰੋਗਰਾਮ ਨੂੰ ਮਹਿਫੂਜ਼ ਕਰ ਸਕਦਾ ਹੈ।

ਸਰਦਾਰ ਜੋਧ ਸਿੰਘ ਜੀ ਦਾਂ ਜੀਵਨ ਕਾਲ ਇਕ ਕਿਸਮ ਦਾ ਜਲੰਧਰ ਰੇਡੀਓ ਸਟੇਸ਼ਨ ਦਾ ਇਤਿਹਾਸ ਵੀ ਸੀ। ਪਹਿਲੇ ਪੰਜ ਸਾਲ ਯਾਨੀ 1948 ਤੋਂ 1958 ਤਾਈਂ ਆਲ ਇੰਡੀਆ ਰੇਡੀਓ ਜਲੰਧਰ ਅਨੁਸਾਰ ਇਕ ਇਕ ਕਿਲੋਵਾਟ ਸ਼ਕਤੀ ਦੇ ਦੋ ਟਰਾਂਸਮੀਟਰਾਂ ਨਾਲ ਕੰਮ ਕਰਦਾ ਰਿਹਾ ਇਸ ਸਟੇਸ਼ਨ ਦੀ ਦਿਨ ਦੇ ਵਕਤ ਕੇਵਲ 15 ਮੀਲ ਤੱਕ ਸੁਣੇ ਜਾਣ ਦੀ ਸ਼ਕਤੀ ਸੀ। ਇਸ ਤਰ੍ਹਾਂ ਅੰਮ੍ਰਿਤਸਰ ਦੇ ਘੇਰੇ ਵਿੱਚ ਜੰਡਿਆਲਾ ਤਰਨਤਾਰਨ ਅਤੇ ਵਾਘਾ ਬਾਰਡਰ ਆਉਂਦੇ ਸਨ ਅਤੇ ਬਾਕੀ ਦੇ ਘੇਰੇ ਵਿੱਚ ਕਪੂਰਥਲਾ ਫਗਵਾੜਾ ਅਤੇ ਨੂਰਮਹਿਲ ਨਕੋਦਰ ਹੀ ਆਉਂਦੇ ਸਨ। ਰਾਤ ਸਮੇਂ ਇਹ ਘੇਰਾ ਵਧ ਕੇ ਪੰਜਾਹ ਕੁ ਕੋਸ ਜਾਂਦਾ ਸੀ। ਭਾਵ ਇਹ ਹੋਇਆ ਕਿ ਰਾਤ ਸਮੇਂ ਲੁਧਿਆਣੇ ਤੋਂ ਲੈ ਕੇ ਲਾਹੌਰ ਤਾਈਂ ਸਾਰੇ ਹੀ ਇਲਾਕੇ ਵਿੱਚ ਜਲੰਧਰ ਅੰਮ੍ਰਿਤਸਰ ਕੇਂਦਰ ਸੁਣਾਈ ਦੇ ਸਕਦਾ ਸੀ। ਇਸ ਕਰਕੇ ਇਸ ਕੇਂਦਰ ਤੋਂ ਦਿਨ ਦੀ ਸੇਵਾ ਅਰੰਭ ਨਹੀਂ ਕੀਤੀ ਗਈ ਅਤੇ ਦੋ ਘੰਟ ਵਾਸਤੇ ਸਵੇਰ ਯਾਨੀ 7 ਵਜੇ ਤੋਂ 9 ਵਜੇ ਤਾਈਂ ਅਤੇ ਸਾਢੇ ਚਾਰ ਘੰਟ ਦੀ ਸੇਵਾ ਰਾਤ ਨੂੰ ਯਾਨੀ 6 ਵਜੇ ਤੋਂ ਸਾਢੇ ਦਸ ਵਜੇ ਤਾਈਂ ਪੰਜ ਸਾਲ ਤੱਕ ਜਾਰੀ ਰਹੀ। ਸਰਦੀਆਂ ਵਿਚ ਸਵੇਰ ਦਾ ਇੱਕ ਘੰਟਾ ਅਤੇ ਰਾਤ ਦੇ ਸਾਢੇ ਚਾਰ ਘੰਟੇ ਦੂਰ ਦੂਰ ਤੱਕ ਸੁਣਾਈ ਦੇਂਦੇ ਸਨ, ਪਰ ਗਰਮੀਆਂ ਵਿੱਚ ਸਵੇਰ ਦੀ ਸੇਵਾ ਬਿਲਕੁਲ ਹੀ ਸਾਫ਼ ਹੀ ਨਹੀਂ ਸੀ ਸੁਣਾਈ ਦੇਂਦੀ ਨਹੀਂ ਅਤੇ ਰਾਤ ਨੂੰ ਅੱਠ ਵਜੇ ਤੋਂ ਬਾਅਦ ਹੀ ਪਰੋਗਰਾਮ ਦੂਰ ਦੂਰ ਤੱਕ ਸੁਣਾਈ ਦੇ ਸਕਦੇ ਸਨ। ਸਰਦਾਰ ਜੋਧ ਸਿੰਘ ਹੋਰਾਂ ਨੂੰ ਅਜਿਹੇ ਹਲਾਤਾਂ ਨਾਲ ਜੂਝਣਾ ਪਿਆ।

1953 ਵਿੱਚ ਗੋਰਾਇਆ ਵਿਖੇ ਇੱਕ ਪੰਜਾਹ ਕਿਲੋਵਾਟ ਸ਼ਕਤੀ ਦਾ ਨਵਾਂ ਮੀਡੀਅਮ ਵੇਵ ਟਰਾਂਸਮੀਟਰ ਲਗਾਇਆ ਗਿਆ। ਇਸਦਾ ਘੇਰਾ ਤਕਰੀਬਨ 80 ਮੀਲ ਦਿਨ ਦੇ ਵਕਤ ਦਾ ਸੀ। ਇੰਝ ਸਮਝੋ ਕਿ ਲਾਹੌਰ ਤੋਂ ਚੰਡੀਗੜ੍ਹ ਅਤੇ ਪਟਿਆਲੇ ਤਾਈਂ ਪੰਜਾਬ ਦੇ ਅਧਿਕਾਂਸ਼ ਭਾਗ ਵਿੱਚ ਇਹ ਸਟੇਸ਼ਨ ਦਿਨ ਦੇ ਵਕਤ ਸੁਣਾਈ ਦੇ ਸਕਦਾ ਸੀ। ਇਸ ਟਰਾਂਸਮੀਟਰ ਦੇ ਬਣਨ ਨਾਲ ਅੰਮ੍ਰਿਤਸਰ ਦਾ ਛੋਟਾ ਟਰਾਂਸਮੀਟਰ ਸਦਾ ਵਾਸਤੇ ਬੰਦ ਕਰ ਦਿੱਤਾ ਗਿਆ।

ਨਵੇਂ ਰੇਡੀਓ ਸਟੇਸ਼ਨ ਤੋਂ ਦੁਪਹਿਰ ਦੀ ਸੇਵਾ ਵੀ ਸ਼ੁਰੂ ਕਰ ਦਿੱਤੀ ਗਈ। ਪਰੋਗਰਾਮਾਂ ਵਿਚ ਜ਼ਬਰਦਸਤ ਇਜ਼ਾਫਾ ਹੋਇਆ। ਸਰਦਾਰ ਜੋਧ ਸਿੰਘ ਜੀ ਦੀਆਂ ਸੇਵਾਵਾਂ ਭੀ ਬਹੁਤ ਵਧ ਗਈਆਂ। ਹੌਲੀ ਹੌਲੀ ਆਲ ਇੰਡੀਆ ਰੇਡੀਓ ਨੂੰ ਆਕਾਸ਼ਵਾਣੀ ਆਖਣ ਲੱਗ ਪਏ। ਆਕਾਸ਼ਵਾਣੀ ਜਲੰਧਰ ਦਾ ਸਭ ਤੋਂ ਅਹਿਮ ਪਰੋਗਰਾਮ ਸੀ ''ਪੇਂਡੂ

ਭਰਾਵਾਂ ਵਾਸਤੇ" ਸ਼ੁਰੂ ਸ਼ੁਰੂ ਵਿਚ ਇਸ ਪ੍ਰੋਗਰਾਮ ਦਾ ਵਕਤ ਪੌਣਾ ਘੰਟਾ ਸੀ। ਇਸਦੇ ਮੁਕਾਬਲੇ ਵਿਚ ਰੇਡੀਓ ਪਾਕਿਸਤਾਨ ਲਾਹੌਰ ਦਾ "ਦੇਹਾਤੀ ਪ੍ਰੋਗਰਾਮ" ਸੀ ਜਿਸਦਾ ਕੁੱਲ ਸਮਾਂ ਇੱਕ ਘੰਟਾ ਹਰ ਰੋਜ਼ ਸੀ। ਜਲੰਧਰ ਦਾ ਇਹ ਪੇਂਡੂ ਭਰਾਵਾਂ ਦਾ ਕਾਰਜਕਰਮ ਪਾਕਿਸਤਾਨ ਵਿਚ ਭੀ ਸੁਣਿਆ ਜਾਂਦਾ ਸੀ ਅਤੇ ਲਾਹੌਰ ਦਾ ਦੇਹਾਤੀ ਪਰੋਗਰਾਮ ਭਾਰਤ ਵਿੱਚ ਉਤਸੁਕਤਾ ਨਾਲ ਸੁਣਿਆ ਜਾਂਦਾ ਸੀ। ਸਰਦਾਰ ਜੋਧ ਸਿੰਘ ਪੇਂਡੂ ਭਰਾਵਾਂ ਦੇ ਪ੍ਰੋਗਰਾਮ ਦੇ ਪਰੋਡਿਊਸਰ ਬਣੇ। ਇਸ ਪਰੋਗਰਾਮ ਨੂੰ ਉਨ੍ਹਾਂ ਨੇ ਬੜੀ ਮਿਹਨਤ ਨਾਲ ਦਿਲਚਸਪ ਅਤੇ ਲੋਕ ਪ੍ਰਿਯ ਬਣਾਇਆ। ਇਸ ਪ੍ਰੋਗਰਾਮ ਵਿੱਚ ਪੰਡਿਤ ਕੁੰਦਨ ਲਾਲ ਸ਼ਰਮਾ ਮੁਨਸ਼ੀ ਜੀ ਬਣਦੇ ਸਨ। ਪਿਆਰਾ ਲਾਲ ਸੂਦ ਚਾਚਾ ਕੁਮੇਦਾਨ ਬਣਦਾ ਸੀ। ਜਾਨਕੀ ਦਾਸ ਭਾਰਦਵਾਜ ਠੁਣੀਆ ਰਾਮ ਬਣਦਾ ਸੀ। ਸਰਦਾਰ ਜੋਧ ਸਿੰਘ ਖੁਦ ਲੰਬੜਦਾਰ ਬਣਦੇ ਸਨ। ਪਰੋਗਰਾਮ ਉੱਪਰ ਬੜੀ ਮਿਹਨਤ ਕੀਤੀ ਜਾਂਦੀ ਸੀ। ਇਕ ਸਮੇਂ 1950 ਦੇ ਦਹਾਕੇ ਵਿੱਚ ਇਹ ਪਰੋਗਰਾਮ ਰੇਡੀਓ ਪਾਕਿਸਤਾਨ ਲਾਹੌਰ ਦੇ ਦਿਹਾਤੀ ਪਰੋਗਰਾਮ ਨੂੰ ਪਿੱਛੇ ਛੱਡ ਗਿਆ ਸੀ। ਇਸ ਕਾਮਯਾਬੀ ਪਿਛੇ ਸਰਦਾਰ ਜੋਧ ਸਿੰਘ ਜੀ ਦਾ ਬੜਾ ਵੱਡਾ ਹੱਥ ਸੀ। ਰੇਡੀਓ ਪਾਕਿਸਤਾਨ ਲਾਹੌਰ ਦਾ ਪ੍ਰੋਗਰਾਮ ਵਧੇਰੇ ਕਰਕੇ ਸੰਗੀਤ ਅਤੇ ਹਾਸੇ ਮਖੌਲ ਤੇ ਹੀ ਆਧਾਰਤ ਸੀ, ਪਰ ਜਲੰਧਰ ਦੇ ਪ੍ਰੋਗਰਾਮ ਵਿੱਚ ਸਿੱਖਿਆ ਵੀ ਸੀ, ਮਨੋਰੰਜਨ ਅਤੇ ਹਾਸਰਸ ਵੀ ਸੀ।

1950 ਦੇ ਦਹਾਕੇ ਦੇ ਵਿੱਚ ਹੀ ਰੇਡੀਓ ਪਾਕਿਸਤਾਨ ਭਾਰਤ ਵਿਰੋਧੀ ਕਈ ਵਿਸ਼ੇਸ਼ ਪਰੋਗਰਾਮ ਪੇਸ਼ ਕਰਨ ਲੱਗ ਪਿਆ ਸੀ। ਇਨ੍ਹਾਂ ਪਰੋਗਰਾਮਾਂ ਵਿੱਚ ਭਾਰਤ ਦੀ ਅਲੋਚਨਾ ਵੀ ਕੀਤੀ ਜਾਂਦੀ ਸੀ ਅਤੇ ਭਾਰਤੀਆਂ ਦਾ ਮਖੌਲ ਭੀ ਉਡਾਇਆ ਜਾਂਦਾ ਸੀ। ਇਹ ਪਰੋਗਰਾਮ ਆਜ਼ਾਦ ਕਸ਼ਮੀਰ ਰੇਡੀਓ ਮੁਜ਼ਫਰਾਬਾਦ ਅਤੇ ਰੇਡੀਓ ਪਾਕਿਸਤਾਨ ਲਾਹੌਰ ਤੇ ਵਿਸ਼ੇਸ਼ ਤੌਰ ਤੇ ਪੇਸ਼ ਕੀਤੇ ਜਾਂਦੇ ਸਨ। ਆਕਾਸ਼ਵਾਣੀ ਨੇ ਭੀ ਜਵਾਬੀ ਪ੍ਰੋਗਰਾਮ ਪੇਸ਼ ਕਰਨ ਦਾ ਫੈਸਲਾ ਕਰ ਲਿਆ, ਇਸ ਤਰ੍ਹਾਂ "ਇਸ ਤਰ੍ਹਾਂ "ਸਦਾਏ ਵਤਨ" ਨਾਓਂ ਦਾ ਇੱਕ ਪ੍ਰੋਗਰਾਮ ਉਰਦੂ ਵਿੱਚ ਆਕਾਸ਼ਵਾਣੀ ਜਲੰਧਰ ਤੋਂ ਸ਼ੁਰੂ ਕੀਤਾ ਗਿਆ, ਜਿਸ ਪ੍ਰੋਗਰਾਮ ਨੂੰ ਰੇਡੀਓ ਕਸ਼ਮੀਰ ਸ੍ਰੀਨਗਰ ਭੀ ਸ਼ੌਰਟਵੇਵ ਤੇ ਪੇਸ਼ ਕਰਦਾ ਸੀ। ਇਸ ਅਹਿਮ ਪ੍ਰੋਗਰਾਮ ਦੇ ਸੰਚਾਲਕ ਭੀ ਸਰਦਾਰ ਜੋਧ ਸਿੰਘ ਜੀ ਹੀ ਸਨ।

ਸਰਦਾਰ ਜੋਧ ਸਿੰਘ ਜੀ ਦਾ ਪਹਿਲਾ ਪਿਆਰ ਪੰਜਾਬੀ ਜ਼ੁਬਾਨ ਨਾਲ ਸੀ। ਪਰ ਉਹ ਉਰਦੂ ਵਿਚ ਭੀ ਉਨੇ ਹੀ ਤਾਕ ਸਨ। ਸੱਚ ਪੁੱਛੋ ਤਾਂ ਉਨ੍ਹਾਂ ਦੀ ਮੁੱਢਲੀ ਸਿੱਖਿਆ ਉਰਦੂ ਅਤੇ ਪੰਜਾਬੀ ਵਿਚ ਹੀ ਹੋਈ ਸੀ। ਰੇਡੀਓ ਸਟੇਸ਼ਨ ਤੋਂ ਸਰਦਾਰ ਜੋਧ ਸਿੰਘ ਇਕ ਅਤਿਅੰਤ ਮਸ਼ਹੂਰ ਸ਼ਖਸ਼ੀਅਤ ਸਨ। ਉਹ ਸਮੇਂ ਸਿਰ ਦਫਤਰ ਆਉਣ ਅਤੇ ਜਾਣ ਵਾਲੇ ਸਨ। ਪਰ ਜਦੋਂ ਕੋਈ ਪਰੋਗਰਾਮ ਜਿਆਦਾ ਅਹਿਮੀਅਤ ਦਾ ਸ਼ਾਮਿਲ ਹੋ ਜਾਂਦਾ ਸੀ ਤਾਂ ਉਹ ਦੇਰ ਤਾਈ ਦਫਤਰ ਵਿਚ ਹੀ ਬੈਠਦੇ ਸਨ। ਬਹੁਤ ਸਾਰੇ ਪ੍ਰੋਗਰਾਮਾਂ ਦੀ ਤਹਿਰੀਰ ਖ਼ੁਦ ਲਿਖਦੇ ਸਨ।

1960 ਦੇ ਦਹਾਕੇ ਵਿਚ ਰੇਡੀਓ ਪਾਕਿਸਤਾਨ ਲਾਹੌਰ ਨੇ ਇਕ ਪੰਜਾਬੀ ਵਿਚ ਪਰੋਗਰਾਮ ਸ਼ੁਰੂ ਕੀਤਾ ਜਿਸਦਾ ਨਾਓ ਸੀ "ਪੰਜਾਬੀ ਦਰਬਾਰ"। ਇਸ ਪਰੋਗਰਾਮ ਵਿਚ ਉਹ ਸ਼ਬਦ ਕੀਰਤਨ ਭੀ ਪੇਸ਼ ਕਰਦੇ ਸਨ ਅਤੇ ਆਪਣੇ ਸਿਆਸੀ ਨੁਕਤੇ ਦੇ ਪੱਖ ਅਨੁਸਾਰ ਗੁਰਬਾਣੀ ਦੀ ਵਿਆਖਿਆ ਭੀ ਕਰਦੇ ਸਨ। ਅਕਾਸ਼ਵਾਣੀ ਜਲੰਧਰ ਨੇ ਸ਼ਾਮ ਦੀ ਸਭਾ ਵਿਚ "ਗੁਰਬਾਣੀ ਵਿਚਾਰ" ਨਾਉਂ ਦਾ ਇਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਜੋ ਲੋਕ ਪ੍ਰਿਅਤਾ ਦੇ ਪੱਖ ਤੋਂ ਪੰਜਾਬੀ ਦਰਬਾਰ ਨੂੰ ਪਿੱਛੇ ਛੱਡ ਗਿਆ ਇਸ ਪਰੋਗਰਾਮ ਦੇ ਭੀ ਅਧਿਕਾਰੀ ਸਰਦਾਰ ਜੋਧ ਸਿੰਘ ਜੀ ਹੀ ਸਨ। ਸਰਦਾਰ ਜੋਧ ਇਸ ਪਰੋਗਰਾਮ ਵਿਚ ਸ਼ਬਦ ਦੀ ਵਿਆਖਿਆ ਅਤੇ ਬੜੇ ਪਰਭਾਵਸ਼ਾਲੀ ਢੰਗ ਨਾਲ ਕਰਦੇ ਸਨ। ਇਸ ਤੋਂ ਉਨ੍ਹਾਂ ਦੇ ਗੁਰਬਾਣੀ ਅਧਿਐਨ ਦੀ ਝਲਕ ਮਿਲਦੀ ਸੀ।

ਗੁਰਬਾਣੀ ਵਿਚਾਰ ਪਰੋਗਰਾਮ ਸਰਦਾਰ ਜੋਧ ਸਿੰਘ ਜੀ ਦਾ ਸਭ ਤੋਂ ਵੱਧ ਮਨ ਪਸੰਦ ਪਰਗਰਾਮ ਸੀ। ਇਸ ਪਰੋਗਰਾਮ ਦੀ ਰੂਪ ਰੇਖਾ ਉਹ ਖੁਦ ਨਿਰਧਾਰਤ ਕਰਦੇ ਸਨ। ਪਰੋਗਰਾਮ ਤਾਹਿਰੀਰ ਉਹ ਖੁਦ ਬਣਾਉਂਦੇ ਸਨ।

ਸਵਰਗਵਾਸੀ ਭਾਈ ਸਮੁੰਦ ਸਿੰਘ ਜੀ ਨੂੰ ਸਰਦਾਰ ਜੋਧ ਪੱਛਮੀ ਪੰਜਾਬ ਹੁੰਦੇ ਹੋਏ ਹੀ ਜਾਣਦੇ ਸਨ। ਭਾਈ ਸਮੁੰਦ ਸਿੰਘ ਜੀ ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖ ਹਜ਼ੂਰੀ ਰਾਗੀ ਸਨ। ਪੂਰਬੀ ਪੰਜਾਬ ਆਉਣ ਤੋਂ ਬਾਅਦ ਭਾਈ ਸਮੁੰਦ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੁਝ ਦੇਰ ਵਾਸਤੇ ਹਜ਼ੂਰੀ ਰਾਗੀ ਰਹੇ। ਉਨ੍ਹਾਂ ਹੀ ਦਿਨਾਂ ਵਿਚ ਆਲ ਇੰਡੀਆ ਰੇਡੀਓ ਦਾ ਜਲੰਧਰ ਅੰਮ੍ਰਿਤਸਰ ਕੇਂਦਰ ਵਜੂਦ ਵਿਚ ਆਇਆ। ਭਾਈ ਸਮੁੰਦ ਸਿੰਘ ਜੀ ਪਹਿਲਾਂ ਲਾਹੌਰ ਰੇਡੀਓ ਸਟੇਸ਼ਨ ਦੇ ਕਲਾਕਾਰ ਬਣੇ ਸਨ। ਭਾਰਤੀ ਪੰਜਾਬ ਆਉਣ ਤੋਂ ਬਾਅਦ ਭਾਈ ਸਮੁੰਦ ਸਿੰਘ ਜੀ ਆਲ ਇੰਡੀਆ ਰੇਡੀਓ ਜਲੰਧਰ ਅੰਮ੍ਰਿਤਸਰ ਦੇ ਕਲਾਕਾਰ ਬਣੇ ਅਤੇ ਬਾਅਦ ਵਿਚ ਏ ਕਲਾਸ ਫਨਕਾਰ ਬਣ ਗਏ। ਸਰਦਾਰ ਜੋਧ ਸਿੰਘ ਜੀ ਭਾਈ ਸਮੁੰਦ ਸਿੰਘ ਜੀ ਦਾ ਡੂੰਘਾ ਸਤਿ-ਕਾਰ ਕਰਦੇ ਸਨ। ਭਾਈ ਸਮੁੰਦ ਸਿੰਘ ਜੀ ਦੁਆਰਾ ਸ਼ਬਦ ਕੀਰਤਨ ਪ੍ਰਸਤੁੱਤ ਕਰਨ ਸਰਦਾਰ ਜੋਧ ਸਿੰਘ ਜੀ ਉਚੇਚੇ ਤੌਰ ਤੇ ਉਪਸਥਿਤ ਹੁੰਦੇ ਸਨ। ਗੁਰਬਾਣੀ ਵਿਚਾਰ ਪਰੋਗ-ਰਾਮ 'ਚ ਭਾਈ ਸਮੁੰਦ ਸਿੰਘ ਜੀ ਦੀ ਆਵਾਜ਼ ਨੂੰ ਨੁਮਾਇਆ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ। ਸ੍ਰ. ਜੋਧ ਸਿੰਘ ਭਾਈ ਸੰਤਾ ਸਿੰਘ ਜੀ ਦੀ ਅਵਾਜ ਦੇ ਭੀ ਕਾਇਲ ਸਨ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦਿੱਲੀ ਜਾਣ ਤੋਂ ਪਹਿਲਾਂ 1953 ਤਾਈਂ ਸੁਲਤਾਨਪੁਰ ਲੋਧੀ ਹੀ ਸਨ। ਉਹ ਭੀ ਪਹਿਲੇ ਪਹਿਲ ਜਲੰਧਰ ਅੰਮ੍ਰਿਤਸਰ ਤੋਂ ਹੀ ਕੀਰਤਨ ਪ੍ਰਸਤੁਤ ਕਰਦੇ ਸਨ। ਸਰਦਾਰ ਜਧ ਸਿੰਘ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੀ ਨਿਵੇਕਲੀ ਕੀਰ-ਤਨ ਸ਼ੈਲੀ ਦੇ ਬੜੇ ਕਾਇਲ ਸਨ। ਉਹ ਧਰੁਪਦ ਅਤੇ ਪੜਤਾਲਾਂ ਸੁਣ ਕੇ ਬੜਾ ਆਨੰਦ ਲੈਂਦੇ ਸਨ। ਜਦੋਂ ਸਰਦਾਰ ਜੋਧ ਸਿੰਘ ਜੀ ਰੇਡੀਓ ਦੀ ਨੌਕਰੀ ਕਰਨ ਲੱਗੇ ਸਨ ਤਾਂ ਉਸ ਸਮੇਂ ਜਲੰਧਰ ਤੋਂ ਸਪਤਾਹ ਵਿਚ ਇਕੋ ਦਿਨ ਹੀ ਸ਼ਬਦ ਕੀਰਤਨ ਪ੍ਰਸਤੁੱਤ ਕੀਤਾ

ਜਾਂਦਾ ਸੀ। ਪਰ ਉਨ੍ਹਾਂ ਦੇ ਰੀਟਾਇਰ ਹੋਣ ਤਕ ਰੋਜ਼ ਹੀ ਜਲੰਧਰ ਤੋਂ ਸ਼ਬਦ ਕੀਰਤਨ ਪ੍ਰਸਾਰਿਤ ਹੋਣ ਲੱਗ ਪਿਆ।

ਸਰਦਾਰ ਜੋਧ ਸਿੰਘ ਜੀ ਦੱਸਦੇ ਸਨ ਕਿ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਗੁਰਪੁਰਬ ਦਾ ਵਿਸ਼ੇਸ਼ ਪਰਸਾਰਨ ਉਨ੍ਹਾਂ ਨੇ ਖ਼ੁਦ ਸ਼ੁਰੂ ਕਰਵਾਇਆ। ਸ਼ਬਦ ਕੀਰਤਨ ਇਕ ਵਿਸ਼ੇਸ਼ ਟੈਲੀਫੋਨ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਤੇ ਆਕਾਸ਼ਬਾਣੀ ਦੇ ਕੰਟਰੋਲ ਰੂਮ ਤਾਈਂ ਪਹੁੰਚਾਇਆ ਜਾਂਦਾ ਸੀ। ਆਪਣੀ ਕਿਸਮ ਦਾ ਇਹ ਪਹਿਲਾ ਪਰੋਗਰਾਮ ਸੀ ਜੋ ਕਿਸੇ ਵੀ ਰੇਡੀਓ ਸਟੇਸ਼ਨ ਨੇ ਨਿਰਵਿਘਨ ਹੁਣ ਤਾਈਂ ਪ੍ਰਸਾਰਿਤ ਕੀਤਾ ਹੈ।

ਹੌਲੀ ਹੌਲੀ ਅਕਾਸ਼ਵਾਣੀ ਜਲੰਧਰ ਦੇ ਗੁਰਬਾਣੀ ਨਾਲ ਸੰਬੰਧਿਤ ਪਰੋਗਰਾਮ ਸਰਦਾਰ ਜੋਧ ਸਿੰਘ ਹੋਰਾਂ ਦੇ ਨਾਓ ਨਾਲ ਜਾਣੇ ਜਾਣ ਲੱਗੇ। ਇਹ ਮਸ਼ਹੂਰੀ ਸਾਰੇ ਭਾਰਤ ਵਿਚ ਫੈਲ ਗਈ।

1969 ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਾਰੇ ਭਾਰਤ ਵਿਚ ਧੂਮ-ਧਾਮ ਨਾਲ ਮਨਾਈ ਗਈ। ਦਿਲੀ ਵਿਚ ਇਕ ਗੁਰੂ ਨਾਨਕ ਦੇਵ ਫਾਂਉਂਡੇਸ਼ਨ ਸਥਾਪਿਤ ਕੀਤੀ ਗਈ। ਹੋਰਨਾਂ ਕਾਰਜਾਂ ਤੋਂ ਅਲਾਵਾ ਇਸ ਸੰਸਥਾ ਨੇ ਸ਼ਬਦ ਕੀਰਤਨ ਦੇ ਸੱਤ ਲੌਂਗ ਪਲਇੰਗ (L.P.s.) ਰਿਕਾਰਡ ਤਿਆਰ ਕਰਵਾਏ। ਸ਼ਬਦ ਗਾਇਨ ਨਿਰਧਾਰਤ ਰਾਗਾਂ ਵਿਚ ਕੀਤਾ ਗਿਆ। ਇਨ੍ਹਾਂ ਰਿਕਾਰਡਾਂ ਵਿਚ ਮੁੱਖ ਆਵਾਜ਼ਾਂ ਭਾਈ ਸਮੁੰਦ ਸਿੰਘ ਜੀ, ਭਾਈ ਧਰਮ ਸਿੰਘ ਜੀ ਜ਼ਖਮੀ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੀਆਂ ਸਨ। ਇਹ ਰਿਕਾਰਡ ਸਰਦਾਰ ਜੋਧ ਸਿੰਘ ਜੀ ਦੇ ਸਹਿਯੋਗ ਨਾਲ ਬਣਾਏ ਗਏ।

1972 ਵਿਚ ਭਾਈ ਸਮੁੰਦ ਸਿੰਘ ਜੀ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਉਨ੍ਹਾਂ ਦਵਾਰਾ ਪ੍ਰਸਤੁੱਤ ਸ਼ਬਦ ਕੀਰਤਨ ਦੀਆਂ ਅਕਾਸ਼ਬਾਣੀ ਰਿਕਾਰਡਿੰਗਜ ਆਧਾਰਤ ਦੋ ਲੌਂਗ ਪਲੇਇੰਗ (T. P.) ਰਿਕਾਰਡ ਤਿਆਰ ਕੀਤੇ ਗਏ। ਇਹ ਕਾਰਜ ਭੀ ਸਰਦਾਰ ਜੋਧ ਸਿੰਘ ਜੀ ਦੀ ਰਹਿਨੁਮਈ ਅਧੀਨ ਹੀ ਨੇਪਰੇ ਚੜ੍ਹਿਆ। ਇਸੇ ਹੀ ਤਰ੍ਹਾਂ 1975 ਵਿਚ ਨੌਵੇਂ ਪਿਤਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅੱਦੁਤੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਦੇ ਸੰਬੰਧ ਵਿਚ ਉਨ੍ਹਾਂ ਦੀ ਬਾਣੀ ਤੇ ਆਧਾਰਿਤ ਸ਼ਬਦ ਕੀਰਤਨ ਦੇ ਦੋ ਰਿਕਾਰਡ ਬਣਾਏ ਗਏ। ਨਿਰਧਾਰਤ ਰਾਗਾਂ ਵਿਚ ਇਹ ਰਿਕਾਰਡਿੰਗ ਭੀ ਸਰਦਾਰ ਜੋਧ ਸਿੰਘ ਜੀ ਦੀ ਛਤਰ ਛਾਇਆ ਅਧੀਨ ਕੀਤੀ ਗਈ।

ਬਹੁਤ ਸਾਰੇ ਰਾਗੀ ਸਿੰਘ ਅਜਿਹੇ ਹਨ ਜੋ ਅਕਾਸ਼ਵਾਣੀ ਦੇ ਕਲਾਕਾਰ ਨਹੀਂ ਹਨ। "ਗੁਰਬਾਣੀ ਵਿਚਾਰ" ਪਰੋਗਰਾਮ ਦੇ ਤਹਿਤ ਇਨ੍ਹਾਂ ਵਿਚੋਂ ਅਨੇਕਾਂ ਦੀ ਰਿਕਾਰਡਿੰਗ ਕੀਰਤਨ ਦਰਬਾਰਾਂ ਵਿਚੋਂ ਕਰਕੇ ਰੇਡੀਓ ਤੇ ਪ੍ਰਸਾਰਿਤ ਕੀਤੀ ਗਈ। ਇਸ ਤਰ੍ਹਾਂ ਅਨੇਕਾਂ ਰਾਗੀ ਸਿੰਘਾਂ ਦੀ ਆਵਾਜ਼ ਸਰੋਤਿਆਂ ਤੱਕ ਅੱਪੜੀ। ਇਸ ਉਪਲਬਧੀ ਮਗਰ ਭੀ ਸਰਦਾਰ

ਜੋਧ ਸਿੰਘ ਸਕਰੀਅ ਸਨ । ਅਨੇਕਾਂ ਕੀਰਤਨ ਦਰਬਾਰਾਂ ਤੇ ਪ੍ਰਬੰਧਕ ਸਰਦਾਰ ਜੋਧ ਸਿੰਘ ਜੀ ਨੂੰ ਉਚੇਚੇ ਤੌਰ ਤੇ ਆਮੰਤ੍ਰਿਤ ਕਰਦੇ ਸਨ ਅਤੇ ਸਰਦਾਰ ਜੋਧ ਸਿੰਘ ਇਹਨਾਂ ਵਿਚੋਂ ਕਈਆਂ ਦੀ ਸਟੇਜ਼ ਸਕੱਤਰ ਦੀ ਸੇਵਾ ਭੀ ਅੰਜਾਮ ਦੇਂਦੇ ਰਹੇ ਸਨ । ਰੇਡੀਓ ਦੀ ਨੌਕਰੀ ਤੋਂ ਰੀਟਾਇਰ ਹੋਣ ਤੋਂ ਬਾਅਦ ਭੀ ਸਰਦਾਰ ਜੋਧ ਸਿੰਘ ਰੇਡੀਓ ਨਾਲ ਵਾਬਸਤਾ ਰਹੇ ਹਨ ਸਮੇਂ ਸਮੇਂ ਸਿਰ ਉਹ ਵਿਸ਼ੇਸ਼ ਵਾਰਤਾਵਾਂ ਵੀ ਪ੍ਰਸਤੁੱਤ ਕਰਦੇ ਰਹੇ ਸਨ । ਰੇਡੀਓ ਇਕ ਹਿਸਾਬ ਨਾਲ ਸਰਦਾਰ ਜੋਧ ਸਿੰਘ ਜੀ ਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣਕੇ ਰਹਿ ਗਿਆ ਸੀ ।

# ਸ਼ਬਦ ਅਰਥ

—ਗਿ: ਹਰਬੰਸ ਸਿੰਘ

ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਭਉ ਤੇਰਾ ਭਾਂਗ, ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ, ਦਰਸਨ ਕੀ ਭੂਖ ॥ ਮੈ ਦਰਿ ਮਾਗਉ, ਨੀਤਾ ਨੀਤ ॥੧॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ, ਭੀਖਿਆ ਪਾਇ ॥੧॥ ਰਹਾਉ ॥ ਕੇਸਰਿ ਕਸਮ ਮਿਰਗਮੈ ਹਰਣਾ, ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ, ਸਰਬੇ ਪਰਮਲੁ ਕਰਣਾ ॥੨॥ ਘਿਅ ਪਟ, ਭਾਂਡਾ ਕਹੈ ਨ ਕੋਇ ॥ ਐਸਾ ਭਗਤੁ, ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ, ਰਹੇ ਲਿਵ ਲਾਇ ॥ ਨਾਨਕ, ਤਿਨ ਦਰਿ ਭੀਖਿਆ ਪਾਇ ॥੩॥੧॥੨॥

## ਉਚਾਰਨ ਸੇਧ

**ਬਿੰਦੀ ਸਹਿਤ :** ਮਾਂਗਉ, ਕਰਉਂ, ਮਾਂਗਤ, ਸਰੀਰੀਂ, ਭਗਤਾਂ, ਕਿਵੇਂ ।

**ਅਰਥ :** (ਹੇ ਪ੍ਰਭ !) ਤੇਰਾ ਡਰ (ਮੇਰੇ ਲਈ) ਭੰਗ ਹੈ, ਮੇਰਾ ਚਿਤ (ਮਨ ਇਸ ਭੰਗ ਨੂੰ ਰਖਣ ਲਈ) ਗੁੱਥੀ ਹੈ । ਮੈਂ ਮਸਤ ਤਿਆਗੀ ਹੋ ਗਿਆ ਹਾਂ । ਮੇਰੇ ਹੱਥ (ਤੇਰੇ ਪਾਸੋਂ ਖੈਰ ਮੰਗਣ ਲਈ) ਪਿਆਲਾ ਹਨ (ਮੈਨੂੰ ਤੇਰੇ) ਦਰਸ਼ਨ ਦੀ ਭੁੱਖ ਹੈ (ਅਤੇ ਮੈਂ ਤੇਰੇ) ਦੁਆਰ ਉਤੇ ਹਰ ਰੋਜ਼ (ਦਰਸ਼ਨ) ਮੰਗਦਾ ਹਾਂ ੧।

(ਹੇ ਪ੍ਰਭੂ ! ਮੈਂ) ਤੇਰੇ ਦਰਸ਼ਨ ਦੀ ਸਦਾਅ ਕਰਦਾ ਹਾਂ । ਮੈਂ ਤੇਰੇ ਦਰ ਤੇ ਮੰਗਤਾ (ਖੜਾ ਹਾਂ, ਮੈਨੂੰ ਦੀਦਾਰ ਦਾ) ਖੈਰ ਪਾਓ ।੧। ਰਹਾਉ ।

ਕੇਸਰ, ਫੂਲ. ਕਸਤੂਰੀ ਅਤੇ ਸੋਨਾ ਸਭ ਦੇ ਸਰੀਰ ਤੇ ਚੜ੍ਹਦੇ ਹਨ (ਭਾਵ ਉਚ ਨੀਚ ਸਭ ਇਨ੍ਹਾਂ ਨੂੰ ਵਰਤਦੇ ਹਨ) । ਚੰਦਨ ਅਤੇ ਸੰਤਾਂ ਦਾ ਇਹੋ ਜਿਹਾ ਸੁਭਾਅ ਹੈ (ਕਿ ਉਹ) ਸਭ ਨੂੰ ਸੁਗੰਧਤ ਕਰਦੇ ਹਨ ।੨

ਘਿਉ ਅਤੇ ਰੇਸ਼ਮ ਨੂੰ ਕੋਈ ਭੰਡਦਾ (ਨਿੰਦਦਾ) ਨਹੀਂ ਹੈ (ਭਾਵ ਇਹ ਭਿਟਦੇ ਨਹੀਂ) । ਇਸੇ ਤਰ੍ਹਾਂ ਭਗਤ (ਭਾਵੇਂ ਕਿਸੇ) ਵਰਨ (ਜਾਤ) ਵਿਚ ਹੋਵੇ, (ਪਵਿਤਰ ਹੁੰਦਾ ਹੈ । (ਹੇ ਪ੍ਰਭੂ !) ਜੋ ਤੇਰੇ ਨਾਮ ਨਾਲ ਲਗ ਕੇ ਨਿੰਵਦੇ ਹਨ (ਅਤੇ) ਚਿਤ ਜੋੜ ਕੇ ਰਖਦੇ ਹਨ । ਨਾਨਕ (ਗੁਰੂ ਜੀ ਬੇਨਤੀ ਕਰਦੇ ਹਨ, ਕਿ ਮੈਨੂੰ) ਉਨ੍ਹਾਂ ਦੇ ਦਰ ਉਤੇ (ਰਖ ਕੇ ਆਪਣੇ ਦਰਸ਼ਨ ਦਾ) ਖ਼ੈਰ ਪਾ । ।੩।੧।੨।

## ਸਾਰੰਸ਼ ਅਤੇ ਸਿਧਾਂਤ

ਸਾਖੀਕਾਰਾਂ ਨੇ ਇਹ ਸ਼ਬਦ ਬਾਬਰ ਬਾਦਸ਼ਾਹ ਪ੍ਰਤੀ ਉਚਾਰਨ ਹੋਇਆ ਦਸਿਆ ਹੈ। ਏਮਨਾਬਾਦ ਵਾਲੀ ਸਾਖੀ ਵਿਚ ਅੰਕਿਤ ਹੈ—"ਤਾਂ ਬਾਬਰ ਚਰਨਾ ਤੇ ਢਹਿ ਪਇਆ ਅਤੇ ਅੱਗੇ ਭੇਟ ਆਣ ਰੱਖ ਅਰ ਕਹਿੰਦਾ ਕਿ ਮੇਰੀ ਭੇਟ ਅੰਗੀਕਾਰ ਕਰੀਏ ਜੋ ਮੈਨੂੰ ਅਟਲ ਰਾਜ ਮਿਲੇ, ਤਾਂ ਮਰਦਾਨੇ ਆਖਿਆ ਬਾਬਾ ਜੀ ਤਾਂ ਪਦਾਰਥਾਂ ਨੂੰ ਹੱਥ ਨਹੀਂ ਲਾਂਵਦਾ ਪਰ ਤੂੰ ਮੇਰੇ ਵਾਸਤੇ ਸਤ ਮੁੱਠੀਆਂ ਸੁੱਖੇ ਦੀਆਂ ਲਿਆ ਦੇ ਸ ਮੈਂ ਤੈਨੂੰ ਸੱਤਾਂ ਪੀੜ੍ਹੀਆਂ ਦਾ ਰਾਜ ਲੈ ਦੇਵਾਂਗ, ਤਾਂ ਬਾਬਰ ਫਿਰ ਬੇਨਤੀ ਕੀਤੀ ਜੀ ਗਰੀਬ ਨਿਵਾਜ ਕੋਈ ਕਤਰਾ ਭੰਗ ਦਾ ਤਾਂ ਤੁਸੀਂ ਭੀ ਲਵੋ, ਤਾਂ ਰਾਗ ਤਿਲੰਗ ਵਿਚ ਬਾਬਾ ਜੀ ਨੇ ਸ਼ਬਦ ਉਚਾਰਿਆ 'ਭਾਉ ਤੇਰਾ ਭਾਂਗ, ਖਲੜੀ ਮੇਰਾ ਚੀਤੁ।

ਇਸ ਸ਼ਬਦ ਵਿਚ ਦਰਸ਼ਨ ਕਰਨ ਲਈ ਤਰਲਾ ਹੈ। ਮਨ ਤੇ ਚਿਤ ਨੂੰ ਪਵਿਤਰ ਕਰਨ ਵਾਲਾ ਪਰਮੇਸ਼ਰ ਦਾ ਨਾਮ ਹੈ। ਕਥਾ ਵਾਚਕਾਂ ਤੇ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਅਜੇਹੀਆ ਸਾਖੀਆਂ ਸੁਣਾਉਣ ਤੋਂ ਗੁਰੇਜ ਕਰਨ ਕਿਉਂਕਿ ਇਸ ਤਰ੍ਹਾਂ ਦੇ ਤੱਥਾਂ ਨਾਲ ਸਿੱਖ ਸਿਧਾਂਤਾਂ ਦੇ ਬਦਲਣ ਅਤੇ ਵਿਗੜਨ ਦਾ ਡਰ ਬਣਿਆ ਰਹਿੰਦਾ ਹੈ।

# ਰਾਗ ਤਿਲੰਗ

—ਪ੍ਰਿੰਸੀਪਲ ਦਿਆਲ ਸਿਘ

ਵਾਦੀ—ਗ ਠਾਟ - ਖਮਾਜ — ਸਮਾਂ—ਰਾਤ ਦਾ ਦੂਜਾ ਪਹਿਰ।

ਸੰਵਾਦੀ—ਨ ਜਾਤੀ – ਓਡਵ-ਓਡਵ — ਵਿਸ਼ੇਸ਼—'ਨੁ ਪ' ਦੀ ਸੁਰ-ਸੰਗੀਤ।

ਆਰੋਹ—ਨ਼ ਸ ਗ, ਮ ਪ ਨ਼, ਸਂ।

ਅਵਰੋਹ –ਸਂ, ਨੁ ਪ, ਮ ਗ, ਸ।

ਪਕੜ—ਗ ਮ ਨੁ-ਪ (ਪ), ਮ ਗ, ਸ।

ਤਿਲੰਗ ਪ੍ਰਾਚੀਨ ਕਾਲ ਦੇ ਪਰਚਲਿਤ ਰਾਗਾਂ ਵਿਚੋਂ ਇਕ ਹੈ। ਪਰ ਇਸ ਦਾ ਆਧੁਨਿਕ ਸਵਰ-ਰੂਪ ਆਪਣੇ ਸਰੂਪ ਤੋਂ ਕੁਝ ਭਿੰਨ ਹੈ। ਸੰਗੀਤ ਗਰੰਥਾਂ ਵਿਚ ਭਾਵੇਂ ਇਸ ਦਾ ਵਰਣਨ ਬਹੁਤ ਘੱਟ ਹੈ, ਪਰ 'ਪੰਜਾਬ ਪ੍ਰਾਂਤ ਵਿਚ ਅਤੇ ਖਾਸ ਤੌਰ ਤੇ ਗੁਰੂ ਘਰ (ਗੁਰਦੁਆਰਿਆਂ) ਵਿਚ ਸਾਡੇ ਰਾਗੀ-ਰਬਾਬੀ ਇਸ ਰਾਗ ਨੂੰ ਅਕਸਰ ਗਾਉਂਦੇ ਹਨ। ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖੇ ੩੧ ਰਾਗਾਂ ਵਿਚੋਂ ਇਸ ਦਾ ਨੰਬਰ ਚੌਦਵਾਂ ਹੈ।

ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਤਿਲੰਗ ਰਾਗ ਦਾ ਪ੍ਰਾਚੀਨ ਸੁਰ-ਰੂਪ ਖਮਾਜ ਰਾਗ ਨਾਲ ਮਿਲਦਾ ਸੀ। ਭਾਵ, ਉਸ ਸਮੇਂ ਇਸ ਦੀ ਜਾਤੀ ਓਡਵ-ਸੰਪੂਰਣ ਸੀ। ਇਹ

ਪਤਾ ਅਸਾਂ ਨੂੰ ਉਨ੍ਹਾਂ ਪੁਰਾਤਨ ਸ਼ਬਦ ਰੀਤਾਂ ਤੋਂ ਭੀ ਲਗਦਾ ਹੈ ਜਿਨ੍ਹਾਂ ਨੂੰ ਸਾਡੇ ਰਾਗੀ-ਰਬਾਬੀ ਸੀਨਾ-ਬਸੀਨਾ ਗਾਉਂਦੇ ਆ ਰਹੇ ਹਨ। ਉਨ੍ਹਾਂ ਪੁਰਾਤਨ ਸ਼ਬਦ-ਰੀਤਾਂ ਦੀਆਂ ਕੁਝ ਬੰਦਿਸ਼ਾਂ (ਟਿਯੂਨਾਂ) ਅਜੇ ਭੀ ਖਮਾਜ ਦੀਆਂ ਚੀਜ਼ਾਂ (ਟਿਯੂਨਾਂ) ਨਾਲ ਮਿਲਦੀਆਂ ਹਨ। ਲਗ-ਭਗ ਦੋ ਸੋ ਸਾਲ ਪਹਿਲਾਂ ਤਿਲੰਗ ਤੇ ਖਮਾਜ ਦਾ ਸੁਰ-ਰੂਪ ਇਕੋ ਸੀ। ਉਂਜ ਇਨ੍ਹਾਂ ਦੋਹਾਂ ਰਾਗਾਂ ਵਿਚ ਅਜੇ ਭੀ ਬਹੁਤਾ ਅੰਤਰ ਨਹੀਂ, ਜੇ ਥੋੜੀ ਦੇਰ ਲਈ ਗਾਉਣ ਸਮੇਂ ਖਮਾਜ ਰਾਗ ਵਿਚ 'ਧੈਵਤ' ਸੁਰ ਨਾ ਲਾਓ ਤਾਂ ਉਹ ਤਿਲੰਗ ਦਾ ਹੀ ਰੂਪ ਨਜ਼ਰ ਆਵੇਗਾ। ਕਿਉਂਕਿ ਇਨ੍ਹਾਂ ਦੋਹਾਂ ਰਾਗਾਂ ਦਾ ਵਾਦ-ਸੰਵਾਦ ਇਕੋ ਹੈ ਅਤੇ ਖਮਾਜ ਵਿਚ 'ਰਿਖਭ' ਸੁਰ ਉਂਜ ਵੀ ਘੱਟ ਲਗਦਾ ਹੈ।

ਤਿਲੰਗ ਖਮਾਜ ਠਾਟ ਤੋਂ ਉਤਪੰਨ ਹੁੰਦਾ ਹੈ। ਭਾਵ, ਇਸ ਦਾ ਠਾਟ-ਖਮਾਜ, ਜਾਤੀ ਓਡਵ-ਓਡਵ, ਵਾਦੀ ਤੇ ਸੰਵਾਦੀ ਨਿਖਾਦ ਹੈ ਅਤੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ (ਲਗ-ਭਗ ਦਸ ਵਜੇ ਰਾਤ) ਹੈ। ਇਸ ਵਿਚ 'ਰੇ ਧਾ' ਸਰ ਵਰਜਿਤ ਹਨ।

ਪ

"ਸਂ ਰਂ ਗਂ" ਜਾਂ ਪਾ ਨ ਸਂ ਰ ਗਂ ਇੰਜ ਨਹੀਂ ਲਾਓਣਾ। ਇਸ ਦਾ ਚਲਣ—"ਗ ਮ ਪ

ਮ

ਨ਼ ਪ ਮ ਗ, ਗ ਮ ਪ ਨ, ਸ ਨ਼ ਪ, ਗ ਮ ਗ ਸ" ਇਸ ਪ੍ਰਕਾਰ ਹੈ। ਰਾਗ ਦੀ ਵਿਸ਼ੇਸ਼ਤਾ —'ਗ ਪ ਨ" ਇਨ੍ਹਾਂ ਤਿੰਨ ਸੁਰਾਂ ਤੇ ਨਿਰਭਰ ਹੈ।

ਇਸ ਰਾਗ ਵਿਚ ਅਕਸਰ ਠਮਰੀ, ਗਜ਼ਲ ਆਦਿ ਹੀ ਲੋਕੀਂ ਗਾਉਂਦੇ ਹਨ। ਧ੍ਰੁਪਦ-ਧਮਾਰ ਜਾਂ ਖਯਾਲ ਘੱਟ ਹੀ ਸੁਣਨ ਵਿਚ ਆਉਂਦੇ ਹਨ।

ਨੋਟ: ਗੁਰੂ ਮਰਿਆਦਾ ਅਨੁਸਾਰ ਰਾਗੀ ਸਿੰਘ ਪ੍ਰਾਣੀ ਦੇ ਅਕਾਲ-ਚਲਾਣੇ ਸਮੇਂ ਤਿਲੰਗ ਅਤੇ ਮਾਰੂ ਰਾਗ ਵਿਚ ਸ਼ਬਦ ਗਾਇਨ ਕਰਦੇ ਹਨ।

## ਸੁਰ-ਵਿਸਥਾਰ (ਆਲਾਪ)

੧. ਸ—ਸਨ਼, ਨ਼ਸ—ਸਗ—ਗਮਗ, ਸ—ਨ਼ਪ, ਪ਼ਨ਼ ਨ਼ਸ—ਸਗ—ਮ, ਗਮਪ,

ਮਗ—ਸ।

ਪ ਪ ਮ

੨. ਸਨ਼, ਨ਼ਸਗ—ਸਗਮ, ਗਮਗ—ਸ—ਸਗਮਪ, ਨ਼ਪਗਮ, ਪਗਮਗ—ਸ,

ਪ ਮ ਪ

ਨ਼ਸਗਮਪ—ਮਗ, ਗਮਪ, ਨ਼ ਪ, ਗਮਗ, ਮਨ਼ਪ, ਮਗ, ਸ—ਸਗਮਪਗ,

ਮਪਮਗ—ਸ—।

ਪ ਪ ਪ

੩. ਨ਼ਸ—ਨ਼ਸਗ, ਮਪਨ਼ਪ, ਨ਼ਪਮਗ—ਸਗਮਪ, ਨ਼—ਨ਼ਪਮਗ—ਮਪਨ਼ਪਗਮਗ—ਮ,

ਪ ਪ

ਪਮਗ—ਸਗ ਮਪ—ਗਮਪਨੁ, ਨੁਪ—ਸ, ਨੁਪ ਗਮਪਗਮਗ—ਗਮਪਨੁ—ਨੁਪਮਗ

ਮ

—ਸ, ਗਮਪਨੁ, ਪਨੁਮਪਨੁ ਮਗ—ਗਮਪ, ਗਮਗ—ਸ।

ਪ ਪ

੪. ਨੁਗ—ਗਮਪਨੁ—ਨੁਪਮਗ—ਗਮਪਨ—ਨਸਂ—ਨੁਪਗਮਗ—ਗਮਪਨਪਮਗ

ਸਂ ਸਂ ਪ ਪ

—ਗਮ, ਗ—ਸ, ਗਮਪਨ—ਨ ਨਸਂ—ਨੁਪਮਗ—ਗਮਪਨੁਪਨ ਨੁਪਮਗ

ਪ ਸਂ ਪ

ਸ—ਗਮਪਨ ਨੁਪਮਗ—ਗਮਪਨ—ਨਸਂ—ਰੰਨਸ, ਪਨਸਂ ਨੁਪਮਗ, ਗਮਪਨਸਂ

ਪ

—ਨਸਂਰਸਂ - ਗਮਪਨੁਪਸਂ—(ਸਂ) ਨੁਪਮਗ, ਗਮ ਪਮਗ, ਗਮਪਨਸਂ—ਨਸ, ਪਨਸਂ,

ਪ ਨ ਮ

ਨੁ—ਸਂਨੁਪ. ਗਮਪਨਸਂ—ਨਸਂ (ਸਂ) ਨੁਪਮਗ - ਸ।

ਸਂ ਸਂ ਪ

੫. ਨੁਸਗਮਪਨ—ਨਸਂ ਨ ਨਸਂ—ਨਸਂਰੰਸਂਨੁਪਮਗ—ਗਮਨੁਪ, ਗਮਗ, ਗਮ, ਮਪ,

ਪਨ, ਨਸਂ, ਨਸਂ—ਸਂਗਂ—ਸਂ, ਨਸਂਨ, ਸਂਰੰਸਂ, ਰੰਨਸਂਨੁਪ, ਗਮਪਨਸਂ—(ਸਂ)

ਨੁਪਮਗ—ਸ, ਗਮਪਨਸਂਰੰਸਂਨੁਪਮਗ, ਗਮਗ—ਸ, ਗਮਪਨ—ਨਸਂ, ਸਂਗਂ,

ਪ

ਗਂਮਂਗਂ—ਸਂ, ਸਂਰੰਸਂਨ, ਨੁਪ, ਮਗ, ਮਗ, ਗਮਪਮਗ—ਸ, ਨੁਸਗਮਗ

—ਗਮਪਗਮਗ—ਗਮਪਨੁਪਮਗ—ਗਮਪਨਸਂਨੁਪਮਗ—ਗਮਪਨਸਂਸਂ, (ਸਂ)

ਨੁਪਮਗਮਗ ਸ, ਨੁਸ ਗਮਪਨਸਂ, ਨੁਪਮਗ, ਸ।

## ਸੁਰਲਿਪੀ ਰਾਗ ਤਿਲੰਗ

**ਅਸਥਾਈ** **ਤਿੰਨ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 0 | | | | 3 | | | | × | | | | 2 | | | |
| ਮ | ਪ | ਨ | ਸਂ | ਨੁ | ਪ | ਮ | ਪ | ਮਪ | ਨਸਂ | ਨੁ | ਪ | ਗ | ਮ | ਗ | ਸ |
| ਤ | ਉ | ਦ | ਰ | ਸ | ਨ | ਕੀ | ऽ | ਕऽ | ऽऽ | ਰਉ | ਸ | ਮਾ | ऽ | ਇ | ऽ |
| ਗ | | ਮ | ਪ | ਗ | ਮ | ਪ | ਨ | ਸਂ | — | ਨੁ | ਪ | ਨੁਪ | ਮਪ | ਮਗ | ਸ |
| ਮੈ | ऽ | ਦ | ਰਿ | ਮਾ | ऽ | ਗ | ਤ | ਭੀ | ऽ | ਖਿ | ਆ | ਪਾऽ | ऽऽ | ऽऽ | ਇ |

# ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਪ | ਪ | ਮ | ਪ | ਗ | ਮ | ਪ | — | ਨ | ਨ | ਸੰ | — | ਸੰ | — |
| ਭ | ਉ | ਤੇ | ਰਾ | ਭਾਂ | ऽ | ਗ | ਖਲ | ੜੀ | ऽ | ਮੇ | ਰਾ | ਚੀ | ऽ | ਤੁ | ऽ |
| ਨੁ | ਪ | ਨ | ਸੰ | ਨ | ਸੰ | ਨੁ | ਪ | ਨ | ਸੰ | ਗੰ | ਗੰ | ਨ | ਸੰ | ਨੁ | ਪ |
| ਮੈ | ऽ | ऽ | ਦੇ | ਵਾ | ऽ | ਨਾ | ऽ | ਭ | ਇਆ | ऽ | ਅ | ਤੀ | ऽ | ਤੁ | ऽ |
| ਨੁ | ਪ | ਨ | ਸੰ | ਨ | ਸੰ | ਨੁ | ਪ | ਨ | ਸੰ | ਨੁ | ਪ | ਨੁਪ | ਮਪ | ਮਗ | ਸ |
| ਮੈ | ऽ | ऽ | ਦੇ | ਵਾ | ऽ | ਨਾ | ऽ | ਭ | ਇਆ | ऽ | ਅ | ਤੀऽ | ऽऽ | ऽऽ | ਤੁ |

# Ragi Jatha of Bhai Dharm Singh Zakhmi

— Dr. Jagir Singh

The Ragi Jatha of Bhai Dharam Singh Zakhmi was associated with the Rababi tradition of kirtan. This tradition goes back to the days of Bhai Mardana Bhai Satta-Balwand, Bhai Babak, Bhai Lal, Bhai Chand have been famous rababis of this tradion. The Jatha of Bhai Dharm Singh Zakhmi has earned a good name for itself in the recent years.

The rababi-singers had devoted their entire lives to the cause of music. Many a time they revolted even against their benfiactors, specially, when their self respect was hurt. That is why, some of the people who are dogmatic in their approach and are not fully aware of the greatness of music, have created many misgivings regarding the rebabis and have tried to tarnish their image. But in the words of Bhai Ardaman Singh of Bagrian 'They, the rababi, were experts of high digree in the music and the Gurbani Kirtan. Apart from 'this, they stand at a higher ranking in their devotion, love and faithfullness than, many a 'kirtan selling', but untouched by the art of singing, present day ragis.'

The above words are true for Bhai Dharam Singh Zakhmi also. Even though he was a rababi, he took Amrit in 1947 and became a complete Sikh, there by not allowing any staunch sikh to say any thing against him, He used to recite the Gurbani with full devotion and his kirtan had a high place in the world of music.

The jatha of Bhai Dharam Singh Zakhmi consisted of his family only. He belonged to village Manko in district Jalandhar. This village is situated near Sham Churasi, the birth place of famouse singers Nazaqt Ali; Slamat Ali Khan. That is why Zakhmi is offen reffered to as Sham Churasi 'wala' or belonging to Sham Churasi.

Before 1947, he used to perform Kirtan alone, while accompaning Sant Kamli wale. Though the art of music is a family tradition with him, still he got regular traing in music from prof. Darshan Singh Komal. Zakhmi was very hard working. He would study non-stop. He studied privatly uy to B. A.

When his brothers grew up and able to perform kirtan he formed his own jatha. His brother, Shamsher Singh was also very good at singing. One of the companion used to play on Tabla and an other on Dilruba. Bhai Dharam Singh Zakhmi, himself was good at explaining.

In the begining they used to perform Kirtan in to Punjab only. later on they began to visit other state of India for performing kirtan. His Jatha became very popular at Bombay. They Performed their Kirtan at Bombay for about six months and later on the Sangat of that place would call them off and on for Kirtan at various functions. During those day the Jatha became very popular that their programmes used to be booked for upto three years in advance. This Jatha used to received upto two thousand rupees as offerings for their Kirtan at a time when wheat would sell for one rupee per mound.

The Jatha did not perform Kirtan in popular tunes as some of Jathas of present days do, but used only classical style of ragas. In the begining of Shabad Chowki, they would first sing hymns in pure raga and the bigger, tals, later on they used to sing hymns in light classical style of the same raga. They tried to maintain the atmosphere of one raga during whole of a chawki. This ragi jatha was capable of performing kertan for five hours at a strech. References were quoted while explaing during the kirtan. Therefore general audience could also enjov there kirtan along with the listeners of a special class.

This ragi jatha had a rare quality of excellent cordination. They had specialised in performing the Sam of the the tal in unison time and again while rendering a singing recital. Bhai Dharam Singh Zakhmi did not take up service in any gurdwara during his life time. He Politely turn down such offer, when. once it was made by the S.G. P.C. He was of the veiw

that by doing this the jatha will lose its respect. Service could have not proved financially sound proposition cither; because he used to always have his busy scheduled of booked programmes of reciting kirtan for the home as well as foriegn Sangat.

Bhai Dharam Singh Zakhmi was very polite by nature. He would please everyone even during routine conversation. In monetary affairs he had an open mind.

This ragi jatha recieved the rababi style of Kirtan. The hymns sung by this jatha for the gramophone discs recorded by the Guru Nanak Foundation will always have respectable place in Indian music. Sons of Bhap Dharam Singh Zakhmi continue reciting kirtan even after the demise of the Bhai Sahib- They are trying to keep the tradition esblished by him, alive.

# ਤੁਹਾਡੇ ਪੱਤਰ

ਹਾਰਦਿਕ ਖੁਸ਼ੀ ਹੈ ਕਿ ਆਪਨੇ ਇਸ ਸਚਾਈ ਨੂੰ ਅਨੁਭਵ ਕੀਤਾ ਹੈ ਕਿ ਬਾਣੀ ਜਦੋਂ ਬਾਨੀ ਰਾਗ ਵਿਚ ਗਾਈ ਜਾਏ ਤਾਂ ਸਰੋਤਾ ਵਜਦ ਵਿਚ ਆਉਂਦਾ ਹੈ। ਇਹ ਹੋਰ ਵੀ ਪ੍ਰਸੰਨਤਾ ਵਾਲੀ ਗੱਲ ਹੈ ਕਿ ਆਪ ਨੇ ਇਸ ਅਨੁਵਾਦ ਦੇ ਨਾਲ ਇਹ ਲੋੜ ਮਹਿਸੂਸ ਕੀਤੀ ਕਿ ਕਈ ਚਾਹਵਾਨ ਬਾਨੀ ਨੂੰ ਰਾਗ ਵਿਚ ਗਾਉਣਾ ਚਾਹੁੰਦੇ ਹਨ। ਪਰ ਇਸ ਪ੍ਰਤੀ ਅਗਵਾਈ ਦੇਣ ਵਾਲੇ ਨਹੀਂ ਮਿਲਦੇ। ਆਪਨੇ 'ਅੰਮ੍ਰਿਤ ਕੀਰਤਨ' ਰਾਹੀਂ ਘਰ ਬੈਠਿਆਂ ਨੂੰ ਗੁਰਬਾਨੀ ਨੂੰ ਰਾਗ ਵਿਚ ਗਾਇਨ ਕਰਨ ਲਈ ਅਗਵਾਈ ਅਤੇ ਨੋਟੇਸ਼ਨਾਂ ਦੇਣੀਆਂ ਆਰੰਭ ਕੀਤੀਆਂ। ਇਹ ਆਪਣੇ ਆਪ ਵਿਚ ਇਕ ਮਹਾਨ ਸੇਵਾ ਹੈ। ਇਸ ਦੇ ਨਾਲ ਹੀ ਅੱਛੇ ਲਿਖਾਰੀਆਂ ਤੋਂ ਪੁਰਾਤਨ ਕੀਤੀਆਂ, ਰਬਾਬੀਆਂ ਅਤੇ ਢਾਡੀਆਂ ਦਾ ਜੀਵਨ ਵੇਰਵਾ ਵੀ ਦਿੱਤਾ ਜਾਂਦਾ ਹੈ। ਪਾਠਕ ਇਹਨਾਂ ਮਹਾਨ ਕੀਰਤਨੀਆਂ ਤੋਂ ਪ੍ਰੇਰਨਾ ਲੈਂਦੇ ਹਨ। ਸਿਖ ਸਮਾਜ ਕਾਫੀ ਕੀਰਤਨੀਏ ਤੇ ਸੰਗੀਤਕਾਰ ਹਨ ਜਿਹਨਾਂ ਬਾਰੇ ਵਰਨਣ ਦੀ ਲੋੜ ਹੈ। ਆਸ ਹੈ ਆਪ ਇਸੇ ਤਰ੍ਹਾਂ ਇਹ ਕਾਰਜ ਜਾਰੀ ਰਖੋਂਗੇ।

ਹਰਬੰਸ ਸਿੰਘ ਲਖਨਊ

'ਅੰਮ੍ਰਿਤ ਕੀਰਤਨ' ਮਿਲਿਆ ਬੜਾ ਵਧੀਆ ਕੰਮ ਆਉਣ ਵਾਲਾ ਪਰਚਾ ਹੈ।

ਹਰਦੀਪ ਸਿੰਘ ਖਾਰ ਬੰਬਈ

'ਅੰਮ੍ਰਿਤ ਕੀਰਤਨ' ਨਵੇਂ ਦਿਸਹੱਦੇ ਕਾਇਮ ਕਰ ਰਹੀ ਹੈ। ਇਸ ਵਿਚ ਛਪੀ ਸਮੱਗਰੀ ਅਗਵਾਈ ਦੇਣ ਵਾਲੀ ਅਤੇ ਸਿੱਖਿਆਦਾਇਕ ਹੁੰਦੀ ਹੈ।

ਬਲਵੰਤ ਸਿੰਘ
ਪ੍ਰੀਤ ਕਲੀਨੀਕਲ ਲਬਾਰਟਰੀ
ਸਮਾਨਾ ਮੰਡੀ

'ਅੰਮ੍ਰਿਤ ਕੀਰਤਨ' ਵਿਚ ਚੰਗੀ ਤੇ ਖੋਜ ਭਰਪੂਰ ਜਾਣਕਾਰੀ ਹੁੰਦੀ ਹੈ।

ਰਤਨਜੀਤ ਸਿੰਘ ਸ਼ੇਰੀ
ਇੰਦੌਰ

ਅੰਮ੍ਰਿਤ ਕੀਰਤਨ' ਬਹੁਤ ਵਧੀਆ ਪਰਚਾ ਹੈ। ਅਸੀਂ ਹੋਰ ਮੈਂਬਰ ਬਣਾਉਣ ਦੇ ਉਪਰਾਲੇ ਕਰ ਰਹੇ ਹਾਂ।

ਅਮਰੀਕ ਸਿੰਘ ਜੈਪੁਰੀ
ਜੈਪੁਰ

'ਅੰਮ੍ਰਿਤ ਕੀਰਤਨ' ਰਾਹੀਂ ਸਾਨੂੰ ਪ੍ਰਦੇਸਾਂ ਵਿਚ ਬੈਠਿਆਂ ਨੂੰ ਵੀ ਕੀਰਤਨ ਬਾਰੇ ਭਰਪੂਰ ਜਾਣਕਾਰੀ ਮਿਲ ਰਹੀ ਹੈ ।

ਸਰਦਾਰਨੀ ਹਰਬੰਸ ਕੌਰ
ਇੰਗਲੈਂਡ

'ਅੰਮ੍ਰਿਤ ਕੀਰਤਨ' ਰਾਹੀਂ ਜੋ ਆਪ ਨਿਵੇਕਲੀ ਸੇਵਾ ਕਰ ਰਹੇ ਹੋ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਤੁਹਾਨੂੰ ਇਸੇ ਤਰ੍ਹਾਂ ਸੇਵਾ ਕਰਨ ਦਾ ਬਲ ਬਖਸ਼ੇ ।

ਸੁਰਜੀਤ ਸਿੰਘ ਮਿਨਹਾਸ
ਸਾਬਕਾ ਸਪੀਕਰ
ਪੰਜਾਬ ਵਿਧਾਨ ਸਭਾ

'ਅੰਮ੍ਰਿਤ ਕੀਰਤਨ' ਰਾਹੀਂ ਗੁਰਮਤ ਸੰਗੀਤ ਪ੍ਰਣਾਲੀ, ਰਾਗੀਆਂ ਅਤੇ ਰਬਾਬੀਆਂ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੋਈ ਹੈ ।

ਪ੍ਰੋ: ਗੁਰਚਰਨ ਸਿੰਘ
3075/7 ਸ. ਅ. ਸ. ਨਗਰ

'ਅੰਮ੍ਰਿਤ ਕੀਰਤਨ' ਕੀਰਤਨ ਸਿਖਣ ਵਾਲਿਆਂ ਲਈ ਬੜਾ ਲਾਭਦਾਇਕ ਮੈਗਜੀਨ ਹੈ। ਇਸ ਨੂੰ ਜਾਰੀ ਰਖਣ ਲਈ ਹਰ ਪ੍ਰਕਾਰ ਦੀ ਸਹਾਇਤਾ ਕਰਾਂਗੇ ।

ਮਿਸਜ਼ ਸਤਿੰਦਰ ਆਰ. ਸਿੰਘ
ਇੰਗਲੈਂਡ

# ਧਰਾਂ ਦਾ ਪੀਰ ਬਾਬਾ

—ਸਰਦਾਰਨੀ ਹਰਬੰਸ ਕੌਰ
ਸਾਊਥਾਲ ਇੰਗਲੈਂਡ

ਜਿੱਥੇ ਜਿੱਥੇ ਤੂੰ ਚਰਨ ਦੀ ਛੁਹ ਲਾਈ
ਮੇਰੇ ਸਤਿਗੁਰਾ ਗੁਣੀ ਗਹੀਰ ਬਾਬਾ
ਨਮਸ਼ਕਾਰ ਹੈ ਓਸ ਅਸਥਾਨ ਤਾਂਈ
ਮਿੱਟੀ ਹੋ ਗਈ ਜਿਵੇਂ ਮਮੀਰ ਬਾਬਾ
ਕੌਡੇ ਰਾਕਸ਼ ਨੂੰ ਮਾਨਸ ਬਣਾ ਦਿੱਤਾ
ਤੇਰੇ ਦਰਸ ਦੀ ਐਸੀ ਤਸੀਰ ਬਾਬਾ
ਵਲ ਕਢਿਆ ਵਲੀ ਕੰਧਾਰੀ ਵਾਲਾ
ਖਿੱਚ ਪੰਜੇ ਦੀ ਸੋਹਣੀ ਤਸਵੀਰ ਬਾਬਾ
ਤੀਰਥ ਨਾਮ ਦਾ ਦਿੱਤਾ ਉਪਦੇਸ਼ ਲੋਕਾਂ
ਲਹਿੰਦੇ ਵੱਲ ਉਛਾਲਿਆ ਨੀਰ ਬਾਬਾ
ਸੱਚ ਚੰਦਰਮਾਂ ਤੇਰਾ ਪ੍ਰਕਾਸ਼ ਹੋਇਆ
ਪਾਜੀ ਭੱਜ ਗਏ ਬੱਧੀ ਨਾਹ ਧੀਰ ਬਾਬਾ
ਜੱਗ ਤਾਰਨੇ ਲਈ ਤੂੰ ਜੱਗ ਆਇਆ
ਅੱਲਾ ਵਲੀ ਤੇ ਪੀਰਾਂ ਦਾ ਪੀਰ ਬਾਬਾ
ਦਾਨ ਬੰਸ ਨੂੰ ਨਾਮ ਦਾ ਸਦਾ ਦੇਣ
ਮਿੱਠਾ ਮਖਿਓ ਖੰਡ ਤੇ ਖੀਰ ਬਾਬਾ